
FARM AND SPICE
Daily Specials on
Open 7 Days a Week
8.30 am to 9.00 pm
Weekly
Special Flyer
May 10 - May 16
SAVERA PANEER
$4.99 341gm
Savera Paneer
ਸੇਬ
Apple
Gala BC
$1.49 /lb
ਧਨੀਆ
Cilantro
79¢ each
ਪੱਤਾ ਗੋਭੀ
Cabbage
Green
89¢ /lb
ਨਿੰਬੂ
Lemon
2 for 99¢
ਸੇਬ
Apple
Ambrosia
$1.49 /lb
ਸੇਬ
Apple
Cosmic Crisp
$1.49 /lb
ਸ਼ਿਮਲਾ ਮਿਰਚ
Green Pepper
$1.49 /lb
ਸਲੇਰੀ
Celery
$1.99 /each
ਬੈਂਗਣ
Eggplant
Jumbo
$1.49 each
ਪਚਰੰਗਾ ਅਚਾਰ
Pachranga
Mix Pickle 1kg
$4.99 each
ਪਚਰੰਗਾ ਮੁਰੱਬਾ
Pachranga
Amla Murabba 1kg
$4.99 each
ਖੰਡ
Heer Sugar
White
8lb
$7.99 each
ਬਾਸਮਤੀ ਚਾਵਲ
Nutri Fresh
Delight
Rice
10lb
$11.99 each
ਅਸ਼ੀਰਵਾਦ ਆਟਾ
Aashirvaad
Atta 20lb
$14.99 each
ਸਾਨੀਆ ਤੇਲ
Sania Oil
Sunflower 5 ltr
$14.99 each
ਸਵੇਰਾ ਘਿਓ
Savera
Ghee 3.5 lb
$25.99 each
SAVERA GHEE
*while supply last
http://farmandspice.com
#9546-9548 Scott Town Plaza
96 Ave Scott Road Surrey
# 09-10 12830 96 Ave.
Surrey BC | Tel: 604 930 7742
# 103-104 14320 64 Ave.
Surrey BC | Tel: 604 593 6323

# 'ਕੈਨੇਡਾ ਵਿਚ 'ਕਾਨੂੰਨ ਦਾ ਰਾਜ':ਜਸਟਿਨ ਟਰੂਡੋ' ਭਾਈ ਨਿੱਝਰ ਦੀ ਸ਼ਹਾਦਤ ਵਿੱਚ ਹੋਣਗੀਆਂ ਹੋਰ ਗ੍ਰਿਫਤਾਰੀਆਂ

ਟੋਰਾਂਟੋ:-ਸਿੱਖ ਆਗੂ ਹਰਦੀਪ ਸਿੰਘ ਨਿੱਝਰ ਦੇ ਕਤਲ ਦੇ ਦੋਸ਼ ਵਿਚ ਤਿੰਨ ਭਾਰਤੀ ਨਾਗਰਿਕਾਂ ਦੀ ਗ੍ਰਿਫ਼ਤਾਰੀ ਤੋਂ ਇਕ ਦਿਨ ਮਗਰੋਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕਿਹਾ ਕਿ ਕੈਨੇਡਾ 'ਕਾਨੂੰਨ ਦੇ ਰਾਜ ਵਾਲਾ ਮੁਲਕ' ਹੈ, ਜਿਸ ਦਾ ਨਿਆਂ ਪ੍ਰਬੰਧ ਮਜ਼ਬੂਤ ਤੇ ਸੁਤੰਤਰ ਅਤੇ ਆਪਣੇ ਨਾਗਰਿਕਾਂ ਦੀ ਸੁਰੱਖਿਆ ਲਈ ਮੌਲਿਕ ਤੌਰ 'ਤੇ ਵਚਨਬੱਧ ਹੈ। ਕੈਨੇਡੀਅਨ ਪੁਲੀਸ ਨੇ ਐਡਮਿੰਟਨ ਰਹਿੰਦੇ ਭਾਰਤੀ ਨਾਗਰਿਕਾਂ ਕਰਨ ਬਰਾੜ (22), ਕਮਲਪ੍ਰੀਤ ਸਿੰਘ (22) ਤੇ ਕਰਨਪ੍ਰੀਤ ਸਿੰਘ (28) ਨੂੰ ਪਹਿਲਾ ਦਰਜਾ ਕਤਲ ਤੇ ਕਤਲ ਦੀ ਸਾਜ਼ਿਸ਼ ਘੜਨ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਸੀ। ਇਥੇ ਟੋਰਾਂਟੋ ਗਾਲਾ ਵਿਚ ਸਿੱਖ ਵਿਰਾਸਤ ਤੇ ਸਭਿਆਚਾਰ ਦੇ ਜਸ਼ਨਾਂ ਲਈ ਰੱਖੇ ਸਮਾਗਮ ਦੌਰਾਨ ਟਰੂਡੋ ਨੇ ਉਪਰੋਕਤ ਗ੍ਰਿਫ਼ਤਾਰੀਆਂ ਦੇ ਹਵਾਲੇ ਨਾਲ ਕਿਹਾ, ਇਹ ਬਹੁਤ ਅਹਿਮ ਹੈ ਕਿਉਂਕਿ ਕੈਨੇਡਾ ਕਾਨੂੰਨ ਦੇ ਰਾਜ ਵਾਲਾ ਦੇਸ਼ ਹੈ, ਜਿਸ ਦਾ ਨਿਆਂ ਪ੍ਰਬੰਧ ਮਜ਼ਬੂਤ ਤੇ ਸੁਤੰਤਰ ਹੋਣ ਦੇ ਨਾਲ ਆਪਣੇ ਸਾਰੇ ਨਾਗਰਿਕਾਂ ਦੀ ਸੁਰੱਖਿਆ ਲਈ ਮੌਲਿਕ ਰੂਪ ਵਿਚ ਵਚਨਬੱਧ ਹੈ।'ਕੈਨੇਡੀਅਨ ਬਰਾਡਕਾਸਟਿੰਗ ਕਾਰਪੋਰੇਸ਼ਨ ਨੇ ਟਰੂਡੋ ਦੇ ਹਵਾਲੇ ਨਾਲ ਕਿਹਾ, ''ਜਿਵੇਂ ਰੌਇਲ ਕੈਨੇਡੀਅਨ ਮਾਊਂਟਿਡ ਪੁਲੀਸ ਨੇ ਕਿਹਾ ਹੈ, ਜਾਂਚ ਦਾ ਅਮਲ ਜਾਰੀ ਹੈ ਤੇ ਇਹ ਲੰਘੇ ਦਿਨ ਗ੍ਰਿਫ਼ਤਾਰ ਕੀਤੇ ਤਿੰਨ ਵਿਅਕਤੀਆਂ ਦੀ ਸ਼ਮੂਲੀਅਤ ਤੱਕ ਸੀਮਤ ਨਹੀਂ ਹੈ।'' ਟਰੂਡੋ ਨੇ ਕਿਹਾ ਕਿ ਨਿੱਝਰ ਦੀ ਹੱਤਿਆ ਮਗਰੋਂ ਕੈਨੇਡਾ ਦੇ ਸਿੱਖ ਭਾਈਚਾਰੇ 'ਚੋਂ ਕਈ ਅਸੁਰੱਖਿਅਤ ਮਹਿਸੂਸ ਕਰ ਰਹੇ ਸਨ। ਪ੍ਰਧਾਨ ਮੰਤਰੀ ਨੇ ਕਿਹਾ, ''ਹਰੇਕ ਕੈਨੇਡੀਅਨ ਨੂੰ ਮੁਲਕ ਵਿਚ ਬਿਨਾਂ ਕਿਸੇ ਪੱਖਪਾਤ, ਹਿੰਸਾ ਮੁਕਤ ਮਾਹੌਲ ਤੇ ਸੁਰੱਖਿਅਤ ਰਹਿਣ ਦਾ ਮੌਲਿਕ ਅਧਿਕਾਰ ਹੈ।'' ਟਰੂਡੋ ਵੱਲੋਂ ਪਿਛਲੇ ਸਾਲ ਸਤੰਬਰ 'ਚ ਲਾਏ ਦੋਸ਼ਾਂ ਕਿ ਨਿੱਝਰ ਦੀ ਹੱਤਿਆ ਵਿਚ ਕਥਿਤ ਭਾਰਤੀ ਏਜੰਟਾਂ ਦਾ ਹੱਥ ਸੀ, ਮਗਰੋਂ ਭਾਰਤ ਤੇ ਕੈਨੇਡਾ ਦੇ ਰਿਸ਼ਤਿਆਂ ਵਿਚ ਕਸ਼ੀਦਗੀ ਸਿਖਰ 'ਤੇ ਪਹੁੰਚ ਗਈ ਸੀ। ਭਾਰਤ ਨੇ ਹਾਲਾਂਕਿ ਟਰੂਡੋ ਦੇ ਦੋਸ਼ਾਂ ਨੂੰ 'ਹਾਸੋਹੀਣੇ' ਤੇ 'ਪ੍ਰੇਰਿਤ' ਦੱਸ ਕੇ ਖਾਰਜ ਕਰ ਦਿੱਤਾ ਸੀ। ਨਿੱਝਰ ਕਤਲ ਕੇਸ ਵਿਚ ਤਿੰਨ ਭਾਰਤੀ ਨਾਗਰਿਕਾਂ ਦੀ ਗ੍ਰਿਫ਼ਤਾਰੀ ਮਗਰੋਂ



ਕੈਨੇਡਾ ਪੁਲੀਸ ਨੇ ਕਿਹਾ ਕਿ ਉਹ ਅਮਰੀਕਾ ਦੀਆਂ ਕਾਨੂੰਨੀ ਏਜੰਸੀਆਂ ਨਾਲ ਮਿਲ ਕੇ ਕੰਮ ਕਰ ਰਹੀ ਹੈ। ਪੁਲੀਸ ਨੇ ਇਸ਼ਾਰਾ ਕੀਤਾ ਕਿ ਆਉਂਦੇ ਦਿਨਾਂ ਵਿਚ ਇਸ ਮਾਮਲੇ ਵਿਚ ਹੋਰ ਗ੍ਰਿਫ਼ਤਾਰੀਆਂ ਹੋ ਸਕਦੀਆਂ ਹਨ। ਰੌਇਲ ਕੈਨੇਡੀਅਨ ਮਾਊਂਟਿਡ ਪੁਲੀਸ ਦੇ ਸਹਾਇਕ ਕਮਿਸ਼ਨਰ ਡੇਵਿਡ ਟੈਬੂਲ ਨੇ ਸ਼ੁੱਕਰਵਾਰ ਨੂੰ ਕਿਹਾ ਸੀ ਕਿ ਉਹ ਗ੍ਰਿਫ਼ਤਾਰ ਕੀਤੇ ਤਿੰਨ ਵਿਅਕਤੀਆਂ ਤੇ ਭਾਰਤੀ ਅਧਿਕਾਰੀਆਂ ਦਰਮਿਆਨ ਕਥਿਤ ਲਿੰਕ ਬਾਰੇ ਕੋਈ ਟਿੱਪਣੀ ਨਹੀਂ ਕਰਨਗੇ, ਪਰ ਪੁਲੀਸ ਵੱਲੋਂ ਇਨ੍ਹਾਂ ਦੇ ਭਾਰਤ ਸਰਕਾਰ ਨਾਲ ਸਬੰਧਾਂ ਦੀ ਜਾਂਚ ਕੀਤੀ ਜਾ ਰਹੀ ਹੈ। ਚੇਤੇ ਰਹੇ ਕਿ ਭਾਰਤ ਦੇ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨੇ ਸ਼ਨਿੱਚਰਵਾਰ ਨੂੰ ਕਿਹਾ ਸੀ ਕਿ ਨਿੱਝਰ ਦੀ ਹੱਤਿਆ ਨੂੰ ਲੈ ਕੇ ਕੈਨੇਡਾ ਵਿਚ ਜੋ ਕੁਝ ਹੋ ਰਿਹਾ ਹੈ, ਉਹ ਉਸ ਦੀ ਅੰਦਰੂਨੀ ਸਿਆਸਤ ਹੈ ਤੇ ਭਾਰਤ ਦਾ ਇਸ ਨਾਲ ਕੋਈ ਲਾਗਾ ਦੇਗਾ ਨਹੀਂ ਹੈ। ਉਨ੍ਹਾਂ ਕਿਹਾ ਸੀ ਕਿ ਖਾਲਿਸਤਾਨ ਪੱਖੀ ਕੁਝ ਲੋਕਾਂ ਦਾ ਇਕ ਵਰਗ ਕੈਨੇਡਾ ਦੀ ਜਮਹੂਰੀਅਤ ਨੂੰ ਵਰਤ ਰਿਹਾ ਹੈ।

# ਜਾਂਚ ਕਮਿਸ਼ਨ ਨੇ ਚੋਣਾਂ 'ਚ ਵਿਦੇਸ਼ੀ ਦਖਲ 'ਤੇ ਚਿੰਤਾ ਪ੍ਰਗਟਾਈ


ਵੈਨਕੂਵਰ:-ਕੈਨੇਡਾ ਦੀਆਂ 2019 ਤੇ 2021 ਦੀਆਂ ਫੈਡਰਲ ਚੋਣਾਂ ਉੱਤੇ ਵਿਦੇਸ਼ੀ ਦਖਲ ਦੀਆਂ ਉਂਗਲਾਂ ਉੱਠਣ ਤੋਂ ਬਾਅਦ 7 ਸਤੰਬਰ 2023 ਨੂੰ ਜਸਿਟਸ ਮੈਰੀ ਜੋਸ ਹੋਗ ਦੀ ਅਗਵਾਈ 'ਚ ਨਿਯੁਕਤ ਹੋਏ ਜਾਂਚ ਕਮਿਸ਼ਨ ਨੇ ਆਪਣੀ ਰਿਪੋਰਟ 'ਚ ਵਿਦੇਸ਼ੀ ਦਖਲ ਦੀਆਂ ਪਰਤਾਂ ਖੋਲ੍ਹਿਦਿਆਂ ਇਸ ਨੂੰ ਕੈਨੇਡੀਅਨ ਸਿਸਟਮ ਉੱਤੇ ਕਾਲਾ ਧੱਬਾ ਕਰਾਰ ਦਿੱਤਾ ਹੈ। ਚੀਨ ਨੂੰ ਛੱਡ ਕੇ ਕਮਿਸ਼ਨ ਨੇ ਕੈਨੇਡੀਅਨ ਚੋਣਾਂ ਵਿਚ ਦਿਲਚਸਪੀ ਲੈ ਕੇ ਅੰਦਰਖਾਤੇ ਭੂਮਿਕਾ ਨਿਭਾਉਣ ਵਾਲੇ ਹੋਰ ਦੇਸ਼ਾਂ ਦੇ ਨਾਂ ਲਿਖਣ ਤੋਂ ਗੁਰੇਜ਼ ਕੀਤਾ ਹੈ ਪਰ ਇਸ ਰੁਝਾਨ ਨੂੰ ਇੱਥੇ ਹੀ ਨੱਥ ਪਾਉਣ ਦੀ ਲੋੜ ਹੈ। ਇਸ ਲਈ ਸਰਕਾਰ ਨੂੰ ਗੰਭੀਰ ਕਦਮ ਚੁੱਕਣੇ ਚਾਹੀਦੇ ਹਨ। ਇਸ ਦੇ ਨਾਲ ਹੀ ਕਮਿਸ਼ਨ ਨੇ ਕੁਝ ਖਾਸ ਹਲਕਿਆਂ ਦਾ ਜ਼ਿਕਰ ਕਰਿਦਆਂ ਉੱਥੇ ਵੱਸਦੇ ਵਿਦੇਸ਼ੀ ਮੂਲ ਦੇ ਭਾਈਚਾਰਿਆਂ ਨੂੰ ਪ੍ਰਭਾਵਿਤ ਕੀਤੇ ਜਾਣ ਵਾਲੀਆਂ ਰਿਕਾਰਡ 'ਤੇ ਲਈਆਂ ਗਵਾਹੀਆਂ ਦੀ ਡੂੰਘੀ ਘੋਖ ਕਰਿਦਆਂ ਕਿਹਾ ਕਿ ਬਾਹਰਲੇ ਮੁਲਕਾਂ ਦੀਆਂ ਸਰਕਾਰਾਂ ਵਲੋਂ ਮਨਮਰਜ਼ੀ ਦੇ ਲੋਕਾਂ ਨੂੰ ਜਿਤਾਉਣ ਲਈ ਮਨੁੱਖੀ ਮਾਨਸਿਕਤਾ ਨੂੰ ਟੂਲ ਬਣਾ ਕੇ ਵਰਤਣ ਦੇ ਯਤਨ ਕੀਤੇ ਗਏ। ਕਮਿਸ਼ਨ ਨੇ ਬਾਹਰਲੇ ਮੁਲਕਾਂ ਵਲੋਂ ਵੋਟਰਾਂ ਨੂੰ ਭਰਮਾਉਣ ਲਈ ਪੈਸੇ ਦੀ ਵਰਤੋਂ ਨਾ ਹੋਣ 'ਤੇ ਤਸੱਲੀ ਦਾ ਪ੍ਰਗਟਾਵਾ ਕੀਤਾ। ਕਮਿਸ਼ਨ ਨੇ ਪ੍ਰਧਾਨ ਮੰਤਰੀ ਵਲੋਂ 2017 ਵਿਚ ਆਪੇ ਬਣਾਈ ਜਾਂਚ ਕਮੇਟੀ ਦੀ ਰਿਪੋਰਟ ਵਿਚ ਚੀਨ ਦੀ ਦਖਲਅੰਦਾਜ਼ੀ ਤੇ ਫਿਰ ਖੂਫੀਆਤੰਤਰ ਵੱਲੋਂ ਖਬਰਦਾਰ ਕੀਤੇ ਜਾਣ ਨੂੰ ਅਣਗੌਲਿਆ ਕੀਤੇ ਜਾਣ ਨੂੰ ਮੰਦਭਾਗਾ ਕਹਿੰਦਿਆਂ ਅੱਗੇ ਤੋਂ ਚੌਕਸ ਰਹਿਣ ਲਈ ਕਿਹਾ। ਕਮਿਸ਼ਨ ਨੇ ਕਿਹਾ ਕਿ ਵਿਦੇਸ਼ੀ ਦਖਲਅੰਦਾਜ਼ੀ ਸਿਰਫ ਫੈਡਰਲ ਚੋਣਾਂ ਨੂੰ ਹੀ ਪ੍ਰਭਾਵਤ ਨਹੀਂ ਕਰਦੀ ਸਗੋਂ ਹਰੇਕ ਪੱਧਰ ਦੀ ਚੋਣ ਪ੍ਰਕਿਰਿਆ ਅਤੇ ਉਸ ਨਾਲ ਸਬੰਧਤ ਅਮਲੇ ਨੂੰ ਵੀ ਪ੍ਰਭਾਵਤ ਕੀਤੇ ਜਾਣ ਦੇ ਯਤਨ ਕੀਤੇ ਜਾਂਦੇ ਹਨ, ਜਿਨ੍ਹਾਂ ਬਾਰੇ ਪਿਛਲੇ ਸਮੇਂ 'ਚ ਸਰਕਾਰ ਨੂੰ ਰਿਪੋਰਟਾਂ ਮਿਲਣ ਦੇ ਬਾਵਜੂਦ ਕਾਰਵਾਈ ਨਹੀਂ ਕੀਤੀ ਗਈ।

# ਪਾਕਿਸਤਾਨ ਨੇ ਚੂੜੀਆਂ ਨਹੀਂ ਪਾਈਆਂ, ਉਸ ਦਾ ਐਟਮ ਬੰਬ ਸਾਡੇ 'ਤੇ ਡਿੱਗੇਗਾ:ਫਾਰੂਕ ਅਬਦੁੱਲਾ



ਜੰਮੂ: ਜੰਮੂ-ਕਸ਼ਮੀਰ ਦੇ ਸਾਬਕਾ ਮੁੱਖ ਮੰਤਰੀ ਫਾਰੂਕ ਅਬਦੁੱਲਾ ਨੇ ਕਿਹਾ ਕਿ ਪਾਕਿਸਤਾਨ ਨੇ ਚੂੜੀਆਂ ਨਹੀਂ ਪਾਈਆਂ ਹੋਈਆਂ ਅਤੇ ਉਸ ਕੋਲ ਪ੍ਰਮਾਣੂ ਬੰਬ ਵੀ ਹਨ ਜੋ ਸਾਡੇ 'ਤੇ ਡਿੱਗਣਗੇ। ਉਨ੍ਹਾਂ ਦੀ ਇਹ ਟਿੱਪਣੀ ਰੱਖਿਆ ਮੰਤਰੀ ਰਾਜਨਾਥ ਸਿੰਘ ਦੇ 'ਪੀਓਕੇ ਭਾਰਤ ਵਿੱਚ ਰਲੇਵੇਂ' ਦੇ ਬਿਆਨ ਤੋਂ ਬਾਅਦ ਆਈ ਹੈ। ਅਪ੍ਰੈਲ ਮਹੀਨੇ 'ਚ ਪੱਛਮੀ ਬੰਗਾਲ ਦੇ ਦਾਰਜੀਲਿੰਗ 'ਚ ਇਕ ਰੈਲੀ ਨੂੰ ਸੰਬੋਧਨ ਕਰਦੇ ਹੋਏ ਰਾਜਨਾਥ ਸਿੰਘ ਨੇ ਕਿਹਾ ਸੀ ਕਿ ਭਾਰਤ 'ਚ ਹੋ ਰਹੇ ਵਿਕਾਸ ਦੇ ਮੱਦੇਨਜ਼ਰ ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ (ਪੀਓਕੇ) ਦੇ ਲੋਕ ਖੁਦ ਭਾਰਤ ਨਾਲ ਰਹਿਣ ਦੀ ਮੰਗ ਕਰਨਗੇ। ਰਾਜਨਾਥ ਸਿੰਘ ਨੇ ਕਿਹਾ ਸੀ ਕਿ ਚਿੰਤਾ ਨਾ ਕਰੋ, ਪੀਓਕੇ ਸਾਡਾ ਸੀ, ਹੈ ਅਤੇ ਸਾਡਾ ਰਹੇਗਾ। ਭਾਰਤ ਦੀ ਤਾਕਤ ਵਧ ਰਹੀ ਹੈ। ਦੁਨੀਆਂ ਭਰ ਵਿੱਚ ਭਾਰਤ ਦਾ ਮਾਣ ਵਧ ਰਿਹਾ ਹੈ ਅਤੇ ਸਾਡੀ ਆਰਥਿਕਤਾ ਤੇਜ਼ੀ ਨਾਲ ਵਧ ਰਹੀ ਹੈ। ਹੁਣ ਪੀਓਕੇ ਵਿੱਚ ਸਾਡੇ ਭੈਣ-ਭਰਾ ਖੁਦ ਭਾਰਤ ਨਾਲ ਇਕੱਠੇ ਹੋਣ ਦੀ ਮੰਗ ਕਰਨਗੇ। ਫਾਰੂਕ ਅਬਦੁੱਲਾ ਨੇ ਪੁੰਛ ਹਮਲੇ 'ਤੇ ਵੀ ਸਵਾਲ ਚੁੱਕੇ ਸਨ। ਉਨ੍ਹਾਂ ਨੇ ਕਿਹਾ ਸੀ ਕਿ ਇਹ ਬਹੁਤ ਅਫਸੋਸਜਨਕ ਹੈ। ਉਹ (ਭਾਜਪਾ) ਕਹਿੰਦੇ ਸਨ ਕਿ ਅੱਤਵਾਦ ਲਈ 370 ਜ਼ਿੰਮੇਵਾਰ ਹੈ, ਪਰ ਅੱਜ 370 ਨਹੀਂ ਹੈ, ਹੁਣ ਤੁਸੀਂ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਜਵਾਬ ਪੁੱਛੋ ਕਿ ਕੀ ਇਸ ਦੇਸ਼ ਵਿਚ ਅੱਤਵਾਦ ਹੈ ਜਾਂ ਨਹੀਂ? ਸਾਡੇ ਜਵਾਨ ਹਰ ਰੋਜ਼ ਸ਼ਹੀਦ ਹੋ ਰਹੇ ਹਨ ਪਰ ਉਹ ਚੁੱਪ ਹਨ।


BADH
26 YEARS EXPERIENCE IN ACCOUNTING
Accounting Services
* Tax Forms Fill up * Accounting
* Payroll * Business Income Tax
* Personal Income Tax * Bookkeeping
* T4 & Workers Compensation Forms
604-325-8370
Fax: 604-325-6654
# 1393 - 20800 - WESTMINSTER HWY, RICHMOND, BC



Jasbir Singh Badh



Charlesworth insurance services ltd.
Servicing the following insurance needs:
- Homeowners
- Tenants
- Farms
- Travel
- Life
- Condo
- RV's
- Business
- Contractors
- Disability
- Cargo
- Liability
- Auto
- Private Auto
- Marriage Licence Issuer
ICBC autoplan
"For Fast, Friendly and Reliable Service!"



Phone: 604-852-2565
Fax: 852-2996
OPEN 7 DAYS A WEEK
MON, TUE, WED 8:30 AM - 8 PM
THUR, FRI 8:30 AM - 9 PM
SATURDAY 9 AM - 6 PM
SUN & HOLIDAYS 10 AM - 5 PM
1A-32465 South Fraser Way, Abbotsford, BC V2T 1X4



KOHALY PRINTING
Tel:604.594.2324 Fax:604.594.2361
Unit 210-12837-76th Ave, Surrey, B.C V3W2V3
www.kohalyprinting.com Email: info@kohalyprinting.com




Best Rates
ਵਿਆਹ ਦੇ ਕਾਰਡ

Letterheads,
Business Cards, Envelops
Invoices, Flyers,
Folding, Stitching,
Numbering, Rubbers Stamps,
Receipt Books, Brochures
All kinds of Signs and Decals

ਲੈਟਰਹੈੱਡ, ਬਿਜਨਸ ਕਾਰਡ,
ਲਫਾਫੇ, ਇਨਵੋਇਸਿਸ,
ਇਸ਼ਤਿਹਾਰ, ਫੋਲਡਿੰਗ, ਸਟਿਚਿੰਗ,
ਨੰਬਰਿੰਗ, ਰਬਰ ਸਟੈਂਪਸ, ਰਸੀਦ
ਬੁੱਕ, ਬਰਾਊਚਰਜ ਅਤੇ ਹਰ ਤਰ੍ਹਾਂ
ਦੇ ਸਾਈਨ ਤੇ ਡੈਕਲ

ਵਧੀਆ ਪ੍ਰਿੰਟਿੰਗ ਅਤੇ ਘੱਟ ਘੱਟ ਕੀਮਤਾਂ ਤੇ ਪ੍ਰਿੰਟਿੰਗ ਦਾ ਕੰਮ ਕਰਾਉਣ ਲਈ ਸਾਡੇ ਨਾਲ ਸੰਪਰਕ ਕਰੋ

# ਸ਼ਹੀਦ ਭਾਈ ਪਰਮਜੀਤ ਸਿੰਘ ਪੰਜਵੜ੍ਹ ਦੀ ਪਹਿਲੀ ਬਰਸੀ ਮੌਕੇ ਪੰਥਕ ਆਗੂਆਂ ਨੇ ਉਨ੍ਹਾਂ ਦੀ ਵਿਚਾਰਧਾਰਾ ਵੱਖਰਾ ਖਾਲਸਾ ਰਾਜ ਤੱਕ ਸੰਘਰਸ਼ ਜਾਰੀ ਰੱਖਣ ਦੇ ਪ੍ਰਣ ਨੂੰ ਦੁਹਰਾਇਆ

ਬਠਿੰਡਾ(ਸੁੱਖਵਿੰਦਰ ਸਿੰਘ ਸਰਾਂ):ਖਾਲਸਤਾਨ ਕਮਾਂਡੋ ਫੋਰਸ ਦੇ ਮੁਖੀ ਸ਼ਹੀਦ ਭਾਈ ਪਰਮਜੀਤ ਸਿੰਘ ਪੰਜਵੜ੍ਹ ਦੇ ਪਹਿਲੇ ਸ਼ਹੀਦੀ ਸਮਾਗਮ ‘ਤੇ ਪੰਥਕ ਆਗੂਆਂ ਨੇ ਉਹਨਾਂ ਦੀ ਵਿਚਾਰਧਾਰਾ ਵੱਖਰੇ ਖਾਲਸਾ ਰਾਜ ਦੀ ਹੋਂਦ ਤੱਕ ਸੰਘਰਸ਼ ਜਾਰੀ ਰੱਖਣ ਨੂੰ ਦੁਹਾਰਿਆ।ਇਸ ਮੌਕੇ ਸ਼ਹੀਦ ਭਾਈ ਪਰਮਜੀਤ ਸਿੰਘ ਪੰਜਵੜ੍ਹ ਦੀ ਪ੍ਰੇਰਣਾ ਸਦਕਾ ਤੇ ਭਾਈ ਦਲਜੀਤ ਸਿੰਘ ਤੇ ਭਾਈ ਗੁਰਮੀਤ ਸਿੰਘ ਖਨਿਆਣ ਜਰਮਨ ਦੀ ਅਗਵਾਈ ‘ਚ ਲੇਖਕ ਬਲਜਿੰਦਰ ਸਿੰਘ ਕੋਟਭਾਰਾ ਵੱਲੋਂ ਲਿਖੀ ਗਈ ਪੁਸਤਕ ਕੌਰਨਾਮਾ:- ਖਾੜਕੂ ਸੰਘਰਸ਼ ਦੀਆਂ ਸ਼ਹੀਦ ਬੀਬੀਆਂ ਦੀ ਗਾਥਾ” ਵੀ ਜਾਰੀ ਕਰਕੇ ਸ਼ਹੀਦ ਬੀਬੀਆਂ ਦੇ ਵਾਰਸਾਂ ਨੂੰ ਭੇਟ ਕੀਤੀ। ਇਸ ਮੌਕੇ ਹਥਿਆਰਬੰਦ ਸੰਘਰਸ਼ ਦੌਰਾਨ ਭਾਈ ਪੰਜਵੜ੍ਹ ਦੇ ਨੇੜਲੇ ਸਾਥੀ ਭਾਈ ਦਲਜੀਤ ਸਿੰਘ ਨੇ ਕਿਤਾਬ “ਕੌਰਨਾਮਾ” ਦੇ ਸੰਦਰਭ ਵਿਚ ਗਲ ਕਰਦਿਆ ਕਿਹਾ ਕਿ ਮੇਰੀ ਅੱਜ ਦੀ ਬੇਨਤੀ ਦਾ ਕੇਂਦਰ ਬਿੰਦੂ ਇਹ ਕਿਤਾਬ ਕੌਰਨਾਮਾ” ਹੈ, ਜਿਸ ਵਿਚ ਉਹਨਾਂ ਸ਼ਹੀਦ ਬੀਬੀਆਂ ਦੀ ਸਾਖੀ ਹੈ, ਜੋ ਖਾਲਸਾ ਰਾਜ ਦੀ ਹਥਿਆਰਬੰਦ ਲੜੀ ਗਈ ਲੜਾਈ ਦੀ ਬੁਨਿਆਦ ਸਨ, ਤੇ ਜਿੰਨਾਂ ਦੀ ਅਰਦਾਸ ਸਦਕਾ ਸਾਡੀ ਜੰਗ ਨੇ ਦਿੱਲੀ ਦੇ ਜਾਲਮ ਤਖ਼ਤ ਦੀਆਂ ਜੜ੍ਹਾ ਹਿਲਾਈਆਂ, ਅਤੇ ਇਸ ਇਤਿਹਾਸ ਨੂੰ ਅੱਜ ਵੀ ਸਾਂਭ ਕੇ ਇਸ ਤੋਂ ਸੇਧ ਲੈਣ ਦੀ ਜਰੂਰਤ ਹੈ। ਉਹਨਾਂ ਕਿਹਾ ਅਜ ਵੀ ਜੋਰਾਵਰਾਂ ਅੱਗੇ ਲੜਾਈ ਨਿਮਾਣੇ ਬਣ ਕੇ ਨਹੀਂ ਕਿਰਦਾਰ ਵਾਲੇ ਬਣ ਕੇ ਲੜੀ ਜਾ ਸਕਦੀ ਹੈ। ਇਸ ਮੌਕੇ ਸਮੁੰਦਰੋਂ ਪਾਰ ਸਿੱਖ ਸੰਗਤਾਂ ਵੱਲੋਂ ਵੱਖ ਵੱਖ ਦੇਸ਼ਾਂ ਤੋਂ ਭੇਜੇ ਗਏ ਅਤੇ ਬਾਬਾ ਹਰਦੀਪ ਸਿੰਘ ਮਹਿਰਾਜ

ਵਲੋਂ ਪੜ੍ਹੇ ਗਏ, ਇਨ੍ਹਾਂ ਮਤਿਆਂ ‘ਚ ਸੰਨ 1986 ਦੇ ਨਕੋਦਰ ਸਾਕੇ ਦੇ ਚਾਰ ਸ਼ਹੀਦਾਂ ਦੇ ਕਾਤਲਾਂ ਨੂੰ ਸਜ਼ਾਵਾਂ ਦਿਵਾਉਣ ‘ਤੇ ਅਮਲ ਕੀਤਾ ਜਾਵੇ ਤੇ ਇਸ ਸਬੰਧੀ 37 ਸਾਲਾਂ ਤੋਂ ਦੱਬ ਕੇ ਰੱਖੀ ਜਸਟਿਸ ਗੁਰਨਾਮ ਸਿੰਘ ਦੀ ਰਿਪੋਰਟ ਨੂੰ ਜਨਤਕ ਕੀਤਾ ਜਾਵੇ। ਦੂਜਾ ਮਤਾ ਕਿ ਸ਼ਹੀਦ ਭਾਈ ਪਰਮਜੀਤ ਸਿੰਘ ਪੰਜਵੜ੍ਹ ਤੇ ਸ਼ਹੀਦ ਭਾਈ ਹਰਦੀਪ ਸਿੰਘ ਨਿੱਝਰ ਦੀਆਂ ਤਸਵੀਰਾਂ ਨੂੰ ਸਿੱਖ ਅਜਾਇਬ ਘਰ ਸ੍ਰੀ ਅੰਮ੍ਰਿਤਸਰ ਵਿਖੇ ਸੁਸ਼ੋਬਿਤ ਕੀਤੀਆਂ ਜਾਣ, ਇਨ੍ਹਾਂ ਮਤਿਆਂ ਨੂੰ ਸੰਗਤ ਨੇ ਜੈਕਾਰੇ ਗੂੰਜਾ ਕੇ ਪ੍ਰਵਾਨਗੀ ਦਿੱਤੀ। ਇਹ ਮਤੇ ਗੁਰਦੁਆਰਾ ਸ੍ਰੀ ਗੁਰੂ ਅਰਜਨ ਦੇਵ ਜੀ ਕਰੋਪੀ ਐਥਮਸ ਗਰੀਸ, ਗੁਰਦੁਆਰਾ



ਸ੍ਰੀ ਗੁਰੂ ਤੇਗ ਬਹਾਦਰ ਲੈਸਟਰ ਯੂ.ਕੇ., ਗੁਰਦੁਆਰਾ ਸਿੱਖ ਸੈਂਟਰ ਫਰੈਂਕ ਫੋਰਟ ਜਰਮਨ, ਗੁਰਦੁਆਰਾ ਸਿੰਘ ਸਭਾ ਬੋਬਿਨੀ ਫਰਾਂਸ, ਗੁਰਦੁਆਰਾ ਮਾਤਾ ਸਾਹਿਬ ਕੌਰ ਜੀ ਗੈਂਟ ਬੈਲਜੀਅਮ, ਗੁਰਦੁਆਰਾ ਸ੍ਰੀ ਗੁਰੂ ਨਾਨਕ ਦੇਵ ਜੀ ਦਮਦਮੀ ਟਕਸਾਲ ਸੀਮਾਧੁਰੀ ਗਰੀਸ, ਗੁਰੂ ਨਾਨਕ ਗੁਰਦੁਆਰਾ ਸਮੈਦਿਕ ਤੇ ਗੁਰਦੁਆਰਾ ਬਾਬਾ ਸੰਗ ਜੀ ਸਮੈਦਿਕ ਪੱਛਮ ਮਿਡਲੈਂਡਜ਼ ਵੱਲੋਂ ਭੇਜੇ ਗਏ। ਸ਼ਹੀਦ ਭਾਈ ਪਰਮਜੀਤ ਸਿੰਘ ਖਾਲੜਾ ਦੀ ਧਰਮ ਪਤਨੀ ਬੀਬੀ ਪਰਮਜੀਤ ਕੌਰ ਪੰਜਵੜ੍ਹ ਨੇ ਮਨੁੱਖੀ ਅਧਿਕਾਰਾਂ ਦੇ ਸੰਦਰਭ ਵਿਚ ਗਲ ਕਰਦਿਆ ਦੱਸਿਆ ਕਿ ਸ਼ਹੀਦ ਭਾਈ ਪੰਜਵੜ੍ਹ ਦੀ ਮਾਤਾ, ਭਰਾ ਨੂੰ ਸ਼ਹੀਦ ਕਰਕੇ ਉਹਨਾਂ ਦੀਆਂ ਲਾਸ਼ਾਂ ਖਪਾ ਦਿੱਤੀਆਂ, ਰਹਿੰਦੇ ਪਰਿਵਾਰਕ ਮੈਂਬਰਾਂ ਨੂੰ ਬੇਘਰ ਕਰ ਦਿੱਤਾ ਗਿਆ ਪਰ ਕੋਈ ਕਾਰਵਾਈ ਨਾ ਹੋਈ। ਰਾਜੀਵ ਗਾਂਧੀ ਦੇ ਕਾਤਲਨਾਮਾ ਹਮਲਾ ਕਰਨ ਵਾਲੇ ਭਾਈ ਕਰਮਜੀਤ ਸਿੰਘ ਸੁਨਾਮ ਨੇ ਸਿੱਖ ਕੌਮ ਨੂੰ ਸ੍ਰੀ ਗੁਰੂ ਗਰੰਥ ਸਾਹਿਬ ਦੀ ਵਿਚਾਰਧਾਰਾ ਨੂੰ ਜ਼ਿੰਦਗੀ ਵਿਚ ਅਮਲੀ ਰੂਪ ‘ਚ ਲਾਗੂ ਕਰਨ ਦੀ ਅਪੀਲ ਕੀਤੀ।ਇਸ ਮੌਕੇ ਸ਼ਹੀਦ ਭਾਈ ਪਰਮਜੀਤ ਸਿੰਘ ਪੰਜਵੜ੍ਹ ਦੇ ਪਰਿਵਾਰ ‘ਚੋਂ ਸ਼ਹੀਦ ਉਹਨਾਂ ਦੀ ਮਾਤਾ ਮਹਿੰਦਰ ਕੌਰ, ਭਰਾ ਸ਼ਹੀਦ ਭਾਈ ਰਾਜਵਿੰਦਰ ਸਿੰਘ ਪੰਜਵੜ੍ਹ, ਖਾੜਕੂ ਸੰਘਰਸ਼ ਨੂੰ ਅੰਤਮ ਸਾਹਾਂ ਤੱਕ ਸਮਰਿਪਤ ਬੀਬੀ ਪਾਲਜੀਤ ਕੌਰ, ਜਨਰਲ ਸ਼ਹੀਦ ਭਾਈ ਲਾਭ ਸਿੰਘ ਪੰਜਵੜ੍ਹ ਤੇ ਪਿੰਡ ਦੇ ਸਮੂਹ ਸ਼ਹੀਦ ਸਿੰਘਾਂ ਨੂੰ ਵੀ ਸਰਧਾਂਜਲੀਆਂ ਭੇਟ ਕੀਤੀਆਂ ਗਈਆਂ। ਇਸ ਮੌਕੇ ਦਲ ਖਾਲਸਾ ਦੇ ਭਾਈ ਹਰਪਾਲ ਸਿੰਘ ਚੀਮਾ, ਭਾਈ ਰਜਿੰਦਰ ਸਿੰਘ ਮੁਗਲਵਾਲ, ਭਾਈ ਬਲਦੇਵ ਸਿੰਘ ਪੰਜਵੜ੍ਹ, ਭਾਈ ਬਖਸੀਸ ਸਿੰਘ, ਭਾਈ ਰਣਜੀਤ ਸਿੰਘ ਦਮਦਮੀ ਟਕਸਾਲ, ਭਾਈ ਪਰਮਜੀਤ ਸਿੰਘ ਮਾਲੂਵਾਲ, ਭਾਈ ਦੁੱਲਾ ਸਿੰਘ, ਬਲਦੇਵ ਸਿੰਘ ਸੁਲਤਾਨਵਿੰਡ ਭਾਈ ਸੁਖਜੀਤ ਸਿੰਘ ਖੋਸਾ, ਭਾਈ ਸੁਖਰਾਜ ਸਿੰਘ ਨਿਆਮੀਵਾਲਾ, ਭਾਈ ਦਿਆ ਸਿੰਘ ਕੱਕੜ, ਬਾਬਾ ਸਵਰਨ ਸਿੰਘ ਕੋਟਧਰਮੂ, ਭਾਈ ਨਰਾਇਣ ਸਿੰਘ ਚੋੜਾ, ਬਾਬਾ ਅਵਤਾਰ ਸਿੰਘ ਸੁਰਸਿੰਘ ਵਾਲਾ, ਅਮਰਜੀਤ ਸਿੰਘ ਦਮਦਮੀ ਟਕਸਾਲ ਆਦਿ ਨੇ ਵੀ ਹਾਜਰੀ ਭਰੀ।


THANDI AUTO CARE CENTRE LTD

WE DO REPAIR OF ALL MAKES & MODELS

- General Repairs
- Transmission- Brakes
- Tune Ups - Mufflers
- Electrical Problems
-We also do Diesel Repairs



ਅਸੀ ਹਰ ਤਰਾਂ ਦੀਆਂ ਡੋਮੇਸਟਿਕ ਅਤੇ ਇਨਪੋਟੀਡ ਕਾਰਾਂ ਅਤੇ ਵੈਨਾਂ ਦੀ ਰੀਪੇਅਰ ਕਰਦੇ ਹਾਂ



Bhupinder Singh Thandi

Certified Auto Mechanic

604.503.0713

Fax:604.503.0712

Harp_t@hotmail.com

#106-12465 82 Ave , Surrey BC


## ਬਾਦਲ ਦਲ ਦੇ ਚੰਡੀਗੜ੍ਹ ਤੋਂ ਉਮੀਦਵਾਰ ਹਰਦੀਪ ਬੁਟੇਰਲਾ ਨੇ ਛੱਡੀ ਪਾਰਟੀ

ਚੰਡੀਗੜ:-ਲੋਕ ਸਭਾ ਚੋਣਾਂ ਦੇ ਲਈ ਸ਼੍ਰੋਮਣੀ ਅਕਾਲੀ ਦਲ ਨੂੰ ਉਸ ਸਮੇਂ ਝਟਕਾ ਲੱਗਾ, ਜਦੋਂ ਉਸ ਦੇ ਚੰਡੀਗੜ੍ਹ ਤੋਂ ਉਮੀਦਵਾਰ ਹਰਦੀਪ ਸਿੰਘ ਬੁਟੇਰਲਾ ਨੇ ਆਪਣੀ ਸਮੁੱਚੀ ਟੀਮ ਸਮੇਤ ਪਾਰਟੀ ਦੀ ਮੁਢਲੀ ਮੈਂਬਰਿਸ਼ਪ ਤੋਂ ਅਸਤੀਫ਼ਾ ਦੇ ਦਿੱਤਾ ਤੇ ਚੋਣ ਲੜਨ ਇਨਕਾਰ ਕਰ ਦਿੱਤਾ।ਉਨ੍ਹਾਂ ਕਿਹਾ ਕਿ ਉਹ ਪਾਰਟੀ ਦੀ ਟਿਕਟ ਵਾਪਸ ਕਰ ਰਹੇ ਹਨ।ਇਸ ਦੇ ਨਾਲ ਹੀ ਉਨ੍ਹਾਂ ਦੀ ਸਮੁੱਚੀ ਟੀਮ ਨੇ ਅਕਾਲੀ ਦਲ ਦੇ ਸਾਰੇ ਅਹੁਦਿਆਂ ਤੋਂ ਅਸਤੀਫ਼ੇ ਦੇਣ ਦਾ ਐਲਾਨ ਕਰ ਦਿੱਤਾ।ਉਨ੍ਹਾਂ ਐਲਾਨ ਕੀਤਾ ਕਿ ਉਨ੍ਹਾਂ ਨੇ ਅੱਜ ਤੋਂ ਆਪਣੀ ਸਮੁੱਚੀ ਟੀਮ ਸਮੇਤ ਸ਼੍ਰੋਮਣੀ ਅਕਾਲੀ ਦਲ ਛੱਡ ਦਿੱਤਾ ਹੈ ਤੇ ਮੁਢਲੀ ਮੈਂਬਰਿਸ਼ਪ ਤੋਂ ਅਸਤੀਫ਼ਾ ਦੇ ਰਹੇ ਹਨ।ਉਹ ਲੋਕ ਸਭਾ ਚੋਣ ਨਹੀਂ ਲੜਨਗੇ।


CANRISE IMMIGRATION

www.canriseimmigration.com

778-565-1717

CANRISE IMMIGRATION

SPOUSAL SPONSORSHIP ਸਪਾਊਜਲ ਸਪਾਂਸਰਸ਼ਿਪ

ਅਗਰ ਤੁਸੀਂ ਇੰਡੀਆ ਵਿਆਹ ਕਰਵਾਉਣ ਜਾ ਰਹੇ ਹੋ ਤਾਂ ਜਾਣ ਤੋਂ ਪਹਿਲਾਂ ਆਪਣਾ ਪੇਪਰ ਵਰਕ ਪੂਰਾ ਕਰਵਾਉਣ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ

BCPNP ਬੀ ਸੀ ਪੀ ਐਨ ਪੀ

- New BCPNP program is Open. Get FREE Assessment.
- To bring your relatives or friends in your business contact us.
- Students on Open Work Permit can apply in this program.

ਨਵਾਂ ਬੀ ਸੀ ਪੀ ਐਨ ਪੀ ਪ੍ਰੋਗਰਾਮ ਖੁੱਲ੍ਹ ਗਿਆ ਹੈ।ਫਰੀ ਅਸੈਸਮੈਂਟ ਲਉ।ਆਪਣੇ ਬਿਜਨਸ ਵਿਚ ਆਪਣੇ ਰਿਸ਼ਤੇਦਾਰ ਜਾਂ ਦੋਸਤਾਂ ਨੂੰ ਲਿਆਉਣ ਲਈ ਸਾਡੇ ਨਾਲ ਸੰਪਰਕ ਕਰੋ।ਓਪਨ ਵਰਕ ਪਰਮਿਟ ਤੇ ਵਿਦਿਆਰਥੀ ਇਸ ਪ੍ਰੋਗਰਾਮ ਲਈ ਅਪਲਾਈ ਕਰ ਸਕਦੇ ਹਨ।

- ਐਲ ਐਮ ਆਈ ਏ / ਵਰਕ ਪਰਮਿਟ
- ਮਾਤਾ-ਪਿਤਾ ਅਤੇ ਗਰੈਂਡ ਪੇਰੈਂਟਸ ਸਪਾਂਸਰਸ਼ਿਪ / ਸੁਪਰਵੀਜਾ
- ਸਪਾਊਜ਼ਲ ਸਪਾਂਸਰਸ਼ਿਪ (ਵਿਆਹ ਦੇ ਕੇਸ)
- ਬੀ. ਸੀ. ਪੀ. ਐਨ. ਪੀ.
- ਆਪਨੇ ਬਿਨਜਸ ਵਿੱਚ ਆਪਨੇ ਰਿਸ਼ਤੇਦਾਰ ਨੂੰ ਵਰਕ ਪਰਮਿਟ ਤੇ ਬੁਲਾ ਸਕਦੇ ਹੋ
- ਇਨ-ਹੋਮ ਕੇਅਰਗਿਵਰਜ (ਨੈਨੀ)
- ਸਟੂਡੈਂਟ ਵੀਜ਼ਾ

- LMIA / Work Permit
- PARENTS & GRANDPARENTS SPONSORSHIP
- SPOUSAL SPONSORSHIP (MARRIAGE CASES)
- BCPNP
- In Home Caregivers (Nanny)
- SUPER VISA FOR PARENTS
- Student Visa

OUR SERVICES:

- Visitors Visa / Skilled Workers
- Temporary Workers
- Quebec Immigration
- Family Sponsorship
- Provincial Nominees
- Canadian Experience Class
- Business / Entrepreneurs / Investor Immigration
- Extension Of Temporary Visa
- Restoration Of Status
- Refugee Claims
- Citizenship Application
- Immigration & Investment Programs For Farmers / Businessmen

CANRISE

Ranjeet S. Sohi

Registered Canadian Immigration Consultant

ICCRC Membership # R422751

#223-8028 128 St. Surrey BC V3W4E9 (Little India Plaza)

iccrc crcic



UNI GLOBAL IMMIGRATION

Consulting Services Ltd.

Your Dream......Our Passion

For all your Immigration Related Needs:

- Express Entry (PR)
- FSW, FST
- Canadian Experience Class
- LMIA & Work Permit
- PNP
- Spousal (Marriage) Sponsorship
- Business (Investor) Visa
- Study Visa
- Care-giver (Nanny)
- Visitor Visa
- Super Visa
- Citizenship Application
- Refusal Cases
- IEC

We also help employers in hiring temporary foreign workers (TFW). We help employers in each and every step of acquring Temporary Foreign Workers

Tel. : 604-338-4975

778-323-3141

#12387-75 Avenue Surrey, BC V3W 2S7

E-mail: contactuniglobal@gmail.com

RCIC CRIC

# ਕਨੇਡਾ ’ਚ ਗ੍ਰਿਫ਼ਤਾਰ ਕੀਤੇ ਪੰਜਾਬੀ ਨੌਜਵਾਨਾਂ ਦਾ ਪਿਛੋਕੜ






ਚੰਡੀਗੜ੍ਹ: ਸਿੱਖ ਆਗੂ ਹਰਦੀਪ ਸਿੰਘ ਨਿੱਝਰ ਦੇ ਕਤਲ ਵਿੱਚ ਕਥਿਤ ਭੂਮਿਕਾ ਦੇ ਦੋਸ਼ ਵਿੱਚ ਕੈਨੇਡੀਅਨ ਪੁਲੀਸ ਵੱਲੋਂ ਗ੍ਰਿਫ਼ਤਾਰ ਕੀਤੇ ਤਿੰਨ ਪੰਜਾਬੀ ਨੌਜਵਾਨਾਂ ਬਾਰੇ ਮੁੱਢਲੀ ਜਾਣਕਾਰੀ ਤੋਂ ਪਤਾ ਚੱਲਦਾ ਹੈ ਕਿ ਇਨ੍ਹਾਂ ਵਿੱਚੋਂ ਇੱਕ ਦਾ ਪਿਤਾ ਪੰਜਾਬ ਦੇ ਕਿਸਾਨ ਸਮੂਹ ਨਾਲ ਸਬੰਧਤ ਹੈ, ਜਿਸ ਦੇ ਆਗੂਆਂ ਖ਼ਿਲਾਫ਼ ਲਾਲ ਕਿਲ੍ਹੇ ਵਿੱਚ ਹਿੰਸਾ ਦਾ ਕੇਸ ਦਰਜ ਕੀਤਾ ਗਿਆ ਸੀ। ਇਸ ਨੌਜਵਾਨ ਦਾ ਨਾਂ ਕਰਨਪ੍ਰੀਤ ਸਿੰਘ ਹੈ, ਜੋ ਬਟਾਲਾ ਨੇੜਲੇ ਪਿੰਡ ਘਣੀਏ ਕੇ ਬਾਂਗਰ ਦਾ ਰਹਿਣ ਵਾਲਾ ਹੈ। ਪੰਜਾਬ ਪੁਲੀਸ ਦੇ ਸੂਤਰਾਂ ਨੇ ਦੱਸਿਆ ਕਿ ਉਸ ਦਾ ਪਿਤਾ ਸੁਖਦੇਵ ਸਿੰਘ, ਪਿੰਡ ਦੇ ਗੁਰਦੁਆਰੇ ਦਾ ਗ੍ਰੰਥੀ ਹੈ, ਜੋ ਕਿਸਾਨ ਸਵਰਨ ਸਿੰਘ ਪੰਧੇਰ ਦੇ ਗਰੁੱਪ ਦਾ ਮੈਂਬਰ ਹੈ। ਸਰਵਣ ਸਿੰਘ ਪੰਧੇਰ ਨੇ ਕਿਹਾ ਕਿ ਉਹ ਇਸ ਗੱਲ ਦੀ ਪੁਸ਼ਟੀ ਨਹੀਂ ਕਰ ਸਕਦੇ ਕਿ ਸੁਖਦੇਵ ਸਿੰਘ ਉਨ੍ਹਾਂ ਦੀ ਜਥੇਬੰਦੀ ਦੇ ਮੈਂਬਰ ਹਨ ਜਾਂ ਨਹੀਂ। ਉਨ੍ਹਾਂ ਕਿਹਾ ਕਿ ਜਥੇਬੰਦੀ ਦੀ ਪਿੰਡ ਘਣੀਏ ਕੇ ਬਾਂਗਰ ਵਿੱਚ ਕਿਸਾਨ ਕਮੇਟੀ ਨਹੀਂ ਹੈ। ਕਰਨਪ੍ਰੀਤ ਦੇ ਤਿੰਨ ਸਾਲ ਪਹਿਲਾਂ ਕੈਨੇਡਾ ਜਾਣ ਤੋਂ ਪਹਿਲਾਂ ਦੋਵੇਂ ਪਿਓ-ਪੁੱਤ ਦੁਬਈ ਵਿੱਚ ਟਰੱਕ ਡਰਾਈਵਰ ਸਨ। ਕਰਰਨਪ੍ਰੀਤ ਸਿੰਘ ਦਾ ਪਿਛੋਕੜ ਗੁਰਦਾਸਪੁਰ ਜ਼ਿਲ੍ਹੇ ਦਾ ਪਿੰਡ ਸੁੰਡਲ ਹੈ। ਪਿੰਡ ਦੇ ਸਰਪੰਚ ਲਵਦੀਪ ਸਿੰਘ ਅਤੇ ਕਰਨਪ੍ਰੀਤ ਸਿੰਘ ਦੇ ਚਾਚੇ ਦੇ ਪੁੱਤਰ ਰਣਜੀਤ ਸਿੰਘ ਰਾਣਾ ਨੇ ਦੱਸਿਆ ਕਿ ਕਰਨਪ੍ਰੀਤ ਇੱਕ ਸਧਾਰਨ ਪਰਿਵਾਰ ਵਿੱਚ ਜੰਮਿਆ ਪਲ਼ਿਆ ਹੈ। ਉਨ੍ਹਾਂ ਨੇ ਦੱਸਿਆ ਕਿ ਕਰਨਪ੍ਰੀਤ ਆਪਣੀ ਮੁੱਢਲੀ ਪੜ੍ਹਾਈ ਪੂਰੀ ਕਰਨ ਮਗਰੋਂ 2016 ਵਿੱਚ ਦੁਬਈ ਚਲਾ ਗਿਆ ਸੀ, ਜਿੱਥੇ ਉਸ ਨੇ ਆਪਣੇ ਪਿਤਾ ਨਾਲ ਕਰੀਬ ਚਾਰ ਸਾਲ ਟਰੱਕ ਡਰਾਈਵਰ ਵਜੋਂ ਕੰਮ ਕੀਤਾ। ਕਰਨਪ੍ਰੀਤ ਦੇ ਕੈਨੇਡਾ ਜਾਣ ਬਾਰੇ ਉਨ੍ਹਾਂ ਨੇ ਦਸਿਆ ਕਿ ਕਰਨਪ੍ਰੀਤ ਵਰਕ ਪਰਮਿਟ ਉੱਤੇ ਕੈਨੇਡਾ ਗਿਆ ਸੀ। ਉਨ੍ਹਾਂ ਦੱਸਿਆ ਕਿ ਕਰਨਪ੍ਰੀਤ ਪਿਛਲੇ ਕਰੀਬ ਤਿੰਨ ਸਾਲਾਂ ਤੋਂ ਕੈਨੇਡਾ ਵਿੱਚ ਹੈ, ਉੱਥੇ ਉਹ ਟਰੱਕ ਚਲਾਉਂਦਾ ਸੀ। ਉਨ੍ਹਾਂ ਅੱਗੇ ਦੱਸਿਆ ਕਰਨਪ੍ਰੀਤ ਦਾ ਇੱਥੇ ਕੋਈ ਅਪਰਾਧਿਕ ਰਿਕਾਰਡ ਨਹੀਂ ਹੈ, ਉਹ ਤਾਂ ਸਗੋਂ ਬਹੁਤ ਹੀ ਮਿਲਣਸਾਰ ਸੁਭਾਅ ਦਾ ਹੈ। ਇਸੇ ਲਈ ਪਿੰਡ ਵਾਲੇ ਉਸ ਦੀ ਗ੍ਰਿਫ਼ਤਾਰੀ ਤੋਂ ਕਾਫ਼ੀ ਹੈਰਾਨ ਹਨ। ਉਨ੍ਹਾਂ ਅੱਗੇ ਦੱਸਿਆ, ‘’ਕਰਨਪ੍ਰੀਤ ਨੇ ਆਪਣੇ ਪਿੰਡ ਦੇ ਲਾਗਲੇ ਸਕੂਲ ਤੋਂ ਹੀ ਸਕੂਲੀ ਪੜ੍ਹਾਈ ਪੂਰੀ ਕੀਤੀ ਅਤੇ ਉਸ ਦੀ ਪੰਜਾਬ ਰਹਿੰਦਿਆਂ ਕਿਸੇ ਅਪਰਾਧਕ ਕਾਰਵਾਈ ਵਿੱਚ ਸ਼ਾਮਲ ਹੋਣ ਬਾਰੇ ਉਨ੍ਹਾਂ ਨੂੰ ਕੋਈ ਜਾਣਕਾਰੀ ਨਹੀਂ ਹੈ।‘’ਕਰਨਪ੍ਰੀਤ ਦੇ ਪਰਿਵਾਰ ਨੇ ਦੱਸਿਆ ਕਿ ਉਨ੍ਹਾਂ ਨੂੰ ਇਸ ਗੱਲ ਉੱਤੇ ਯਕੀਨ ਨਹੀਂ ਹੋ ਰਿਹਾ ਕਿ ਉਨ੍ਹਾਂ ਦੇ ਪੁੱਤਰ ਦੀ ਅਜਿਹੇ ਕਿਸੇ ਜੁਰਮ ਵਿੱਚ ਸ਼ਮੂਲੀਅਤ ਹੋ ਸਕਦੀ ਹੈ। ਕਰਨਪ੍ਰੀਤ ਦੀਆਂ ਦੋ ਭੈਣਾਂ ਹਨ, ਦੋਵੇਂ ਵਿਆਹੀਆਂ ਹੋਈਆਂ ਹਨ। ਪਿੰਡ ਵਾਸੀਆਂ ਨੇ ਦੱਸਿਆ ਕਿ ਕਰਨਪ੍ਰੀਤ ਸਿੰਘ ਦੀ ਆਪਣੇ ਪਰਿਵਾਰ ਨਾਲ ਕਰੀਬ ਦੋ ਦਿਨ ਪਹਿਲਾਂ ਹੀ ਗੱਲ ਹੋਈ ਸੀ ਜਿਸ ਵਿੱਚ ਉਨ੍ਹਾਂ ਦੀ ਰੋਜ਼ਾਨਾ ਵਰਗੀ ਹੀ ਗੱਲਬਾਤ ਕੀਤੀ ਸੀ। ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਉਨ੍ਹਾਂ ਨੇ ਕਰਨਪ੍ਰੀਤ ਨੂੰ ਕਰਜ਼ਾ ਚੁੱਕ ਕੇ ਕੈਨੇਡਾ ਭੇਜਣ ਦਾ ਪ੍ਰਬੰਧ ਕੀਤਾ ਸੀ। ਕਰਨਪ੍ਰੀਤ ਦੇ ਪਰਿਵਾਰਕ ਮੈਂਬਰਾਂ ਨੇ ਉਸ ਬਾਰੇ ਹੋਰ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਸਾਂਝੀ ਕਰਨ ਤੋਂ ਅਸਰੱਥਾ ਜ਼ਾਹਰ ਕੀਤੀ।

ਦੂਸਰੇ ਪੰਜਾਬ ਪੁਲਿਸ ਸੂਤਰਾਂ ਮੁਤਾਬਕ ਕਰਨ ਬਰਾੜ ਦੀ ਉਮਰ 22 ਸਾਲ ਹੈ ਅਤੇ ਉਹ ਫਰੀਦਕੋਟ ਜ਼ਿਲ੍ਹੇ ਦੇ ਕੋਟਕਪੂਰਾ ਸ਼ਹਿਰ ਨਾਲ ਸਬੰਧਤ ਹੈ। ਇਸ ਇਲਾਕੇ ਦਾ ਪਿੰਡ ਕੋਟ ਸੁਖੀਆ ਉਨ੍ਹਾਂ ਦਾ ਜੱਦੀ ਪਿੰਡ ਹੈ। ਪੰਜਾਬ ਪੁਲਿਸ ਸੂਤਰਾਂ ਨੇ ਦੱਸਿਆ, “ਕਰਨ ਬਰਾੜ ਨੇ ਕੋਟਕਪੂਰਾ ਵਿੱਚ ਆਪਣੀ ਸਕੂਲੀ ਪੜ੍ਹਾਈ ਪੂਰੀ ਕੀਤੀ ਅਤੇ ਫਿਰ ਉਹ 2020 ਵਿੱਚ ਸਟੱਡੀ ਪਰਮਿਟ ‘ਤੇ ਕੈਨੇਡਾ ਚਲਾ ਗਿਆ ਸੀ।“ਪੁਲਿਸ ਦਾ ਕਹਿਣਾ ਹੈ ਕਿ ਕਰਨ ਛੋਟੇ ਜ਼ਿਮੀਂਦਾਰ ਪਰਿਵਾਰ ਨਾਲ ਸਬੰਧਤ ਹੈ। ਗੁਆਂਢੀਆਂ ਅਤੇ ਆਸ-ਪਾਸ ਤੋਂ ਪ੍ਰਾਪਤ ਹੋਈ ਜਾਣਕਾਰੀ ਮੁਤਾਬਕ ਕਰਨ ਦੇ ਦਾਦਾ ਬਲਬੀਰ ਸਿੰਘ ਬਰਾੜ ‘ਕਰਨ ਬਿਸਤਰ ਭੰਡਾਰ’ ਨਾਮ ਦਾ ਇੱਕ ਸਥਾਨਕ ਕਾਰੋਬਾਰ ਚਲਾਉਂਦੇ ਹਨ। ਕਰਨ ਮਾਪਿਆਂ ਦਾ ਇਕਲੌਤਾ ਪੁੱਤ ਹੈ, ਉਸ ਦਾ ਕਈ ਭੈਣ ਜਾਂ ਭਰਾ ਨਹੀਂ ਹੈ। ਜਾਣਕਾਰਾਂ ਨੇ ਦੱਸਿਆ ਕਿ ਕਰਨ ਬਰਾੜ ਦੀ ਮਾਤਾ ਰਮਨ ਬਰਾੜ ਅੱਜਕੱਲ ਸਿੰਗਾਪੁਰ ਵਿੱਚ ਰਹਿੰਦੇ ਹਨ, ਉੱਥੇ ਉਹ ਇੱਕ ਨੌਕਰੀ ਕਰਦੇ ਹਨ। ਕਰਨ ਬਰਾੜ ਦੇ ਪਿਤਾ ਮਨਦੀਪ ਬਰਾੜ ਦੀ ਬੀਤੇ ਮਹੀਨੇ 18 ਅਪ੍ਰੈਲ ਨੂੰ ਮੌਤ ਹੋ ਗਈ ਸੀ, ਜਿਸ ਕਰਕੇ ਕਰਨ ਦੀ ਮਾਤਾ ਭਾਰਤ ਵੀ ਆਏ ਹੋਏ ਸਨ। ਕਰਨ ਬਰਾੜ ਦੇ ਮੁਹੱਲਾ ਨਿਵਾਸੀਆਂ ਨੇ ਬੀਬੀਸੀ ਪੰਜਾਬੀ ਨੂੰ ਦੱਸਿਆ ਕਿ ਕਰਨ ਦੇ ਮਾਤਾ ਆਪਣੇ ਰਿਸ਼ਤੇਦਾਰਾਂ ਨਾਲ ਸਵੇਰੇ ਘਰੋਂ ਚਲੇ ਗਏ ਸਨ, ਉਨ੍ਹਾਂ ਤੋਂ ਥੋੜ੍ਹੀ ਦੇਰ ਬਾਅਦ ਉਨ੍ਹਾਂ ਦੇ ਦਾਦਾ ਵੀ ਘਰੋਂ ਚਲੇ ਗਏ। ਜਾਣਕਾਰੀ ਮੁਤਾਬਕ ਸ਼ਨੀਵਾਰ ਸਵੇਰੇ ਪੰਜਾਬ ਪੁਲਿਸ ਦੇ ਕੁਝ ਮੁਲਾਜ਼ਮ ਵੀ ਕਰਨ ਦੇ ਘਰ ਗਏ ਸਨ। ਕਰਨ ਦੇ ਬਹੁਤੇ ਗੁਆਂਢੀ ਇਸ ਮਸਲੇ ਬਾਰੇ ਗੱਲ ਕਰਨ ਤੋਂ ਝਿਜਕਦੇ ਹਨ। ਨਰੇਸ਼ ਕੁਮਾਰ, ਕਰਨ ਦੇ ਘਰ ਦੇ ਨੇੜੇ ਹੀ ਇੱਕ ਛੋਟੀ ਜਿਹੀ ਦੁਕਾਨ ਚਲਾਉਂਦੇ ਹਨ। ਨਰੇਸ਼ ਨੇ ਦੱਸਿਆ, “ਸਾਨੂੰ ਸਵੇਰੇ ਸੋਸ਼ਲ ਮੀਡੀਆ ਰਾਹੀਂ ਪਤਾ ਲੱਗਾ ਕਿ ਸਾਡੇ ਇਲਾਕੇ ਦਾ ਰਹਿਣ ਵਾਲਾ ਕਰਨ ਬਰਾੜ ਕੈਨੇਡਾ ਵਿੱਚ ਇੱਕ ਕੇਸ ਵਿੱਚ ਫੜਿਆ ਗਿਆ ਹੈ।”ਉਨ੍ਹਾਂ ਦੱਸਿਆ, “ਕਰਨ ਦਾ ਪਰਿਵਾਰ ਪਿਛਲੇ 30 ਸਾਲਾਂ ਤੋਂ ਇੱਥੇ ਰਹਿ ਰਿਹਾ ਹੈ। ਕਰਨ ਬਰਾੜ ਦਾ ਪਾਲਣ ਪੋਸ਼ਣ ਵੀ ਇਥੇ ਹੋਇਆ ਹੈ।”ਉਨ੍ਹਾਂ ਨੇ ਦੱਸਿਆ ਕਿ ਕਰਨ ਬਰਾੜ ਕਰੀਬ ਸਾਢੇ ਚਾਰ ਸਾਲ ਪਹਿਲਾਂ ਕੈਨੇਡਾ ਗਿਆ ਸੀ।

ਤੀਜੇ ਨੌਜਵਾਨ ਕਮਲਪ੍ਰੀਤ ਸਿੰਘ (23) ਦੀ ਸ਼ਨਾਖ਼ਤ ਹੋ ਗਈ ਹੈ, ਜੋ ਨਕੋਦਰ ਨੇੜਲੇ ਪਿੰਡ ਚੱਕ ਕਲਾਂ ਦਾ ਰਹਿਣ ਵਾਲਾ ਹੈ। ਕਮਲਪ੍ਰੀਤ ਸਿੰਘ ਦੇ ਪਿਤਾ ਸਤਨਾਮ ਸਿੰਘ ਨੇ ਕਿਹਾ ਕਿ ਉਹ ਹੈਰਾਨ ਹਨ ਕਿ ਉਨ੍ਹਾਂ ਦੇ ਪੁੱਤਰ ਨੂੰ ਇਸ ਕੇਸ ਵਿੱਚ ਫੜਿਆ ਗਿਆ ਹੈ। ਸਤਨਾਮ ਸਿੰਘ ਪਿੰਡ ਦੇ ਨੰਬਰਦਾਰ ਹਨ, ਜੋ ਖੇਤੀਬਾੜੀ ਕਰਦੇ ਹਨ ਤੇ ਉਨ੍ਹਾਂ ਦੀ ਸ਼ੰਕਰ ਪਿੰਡ ਦੀ ਦਾਣਾ ਮੰਡੀ ਵਿੱਚ ਆੜ੍ਹਤ ਦੀ ਦੁਕਾਨ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਪੁੱਤਰ ਕਮਲਪ੍ਰੀਤ ਸਿੰਘ 2019 ਵਿੱਚ ਸਟੱਡੀ ਵੀਜ਼ੇ ’ਤੇ ਕੈਨੇਡਾ ਗਿਆ ਸੀ। ਬਟਾਲਾ ਨੇੜਲੇ ਪਿੰਡ ਦਾ ਕਰਨਪ੍ਰੀਤ ਸਿੰਘ ਉਨ੍ਹਾਂ ਦੇ ਪੁੱਤਰ ਦਾ ਦੋਸਤ ਹੈ ਤੇ ਉਹ ਇੱਕੋ ਕਮਰੇ ਵਿੱਚ ਰਹਿੰਦੇ ਰਹੇ ਹਨ। ਕਰਨ ਬਰਾੜ ਦਾ ਨਾਂ ਉਨ੍ਹਾਂ ਪਹਿਲੀ ਵਾਰ ਸੁਣਿਆ ਹੈ। ਉਨ੍ਹਾਂ ਕਿਹਾ ਕਿ ਕਮਲਪ੍ਰੀਤ ਹਰ ਹਫ਼ਤੇ ਪਰਿਵਾਰ ਨਾਲ ਗੱਲ ਕਰਦਾ ਸੀ। ਕਮਲਪ੍ਰੀਤ ਸਿੰਘ ਦਾ ਪਰਿਵਾਰ ਇਲਾਕੇ ਦਾ ਰਸੂਖ਼ਵਾਨ ਪਰਿਵਾਰ ਹੈ। ਕਮਲਪ੍ਰੀਤ ਸਿੰਘ ਨੇ ਨਕੋਦਰ ਦੇ ਇੱਕ ਪ੍ਰਾਈਵੇਟ ਸਕੂਲ ਵਿੱਚ ਪੜ੍ਹਾਈ ਕੀਤੀ ਅਤੇ ਸਾਲ 2019 ਵਿੱਚ ਆਪਣੀ +2 ਪੂਰੀ ਕੀਤੀ। ਉਸ ਤੋਂ ਬਾਅਦ ਉਹ ਐਡਮਿੰਟਨ ਵਿੱਚ ਸਟੱਡੀ ਪਰਮਿਟ ‘ਤੇ ਕੈਨੇਡਾ ਚਲਾ ਗਿਆ।

ਪੰਜਾਬ ਪੁਲਿਸ ਦੇ ਇੱਕ ਅਧਿਕਾਰੀ ਨੇ ਦੱਸਿਆ ਕਿ ਕਮਲਪ੍ਰੀਤ ਦੀ ਭੈਣ ਵੀ ਕੈਨੇਡਾ ਵਿੱਚ ਰਹਿੰਦੀ ਹੈ ਜਦੋਂ ਕਿ ਉਸਦੀ ਮਾਂ ਵੀ 2022 ਵਿੱਚ ਉਨ੍ਹਾਂ ਨੂੰ ਮਿਲਣ ਕੈਨੇਡਾ ਗਈ ਸੀ। ਜਲੰਧਰ ਦਿਹਾਤੀ ਦੇ ਸੀਨੀਅਰ ਪੁਲਿਸ ਕਪਤਾਨ, ਅੰਕੁਰ ਗੁਪਤਾ ਨੇ ਬੀਬੀਸੀ ਨੂੰ ਫ਼ੋਨ ਉੱਤੇ ਦੱਸਿਆ, “ਜਿੱਥੋਂ ਤੱਕ ਅਸੀਂ ਜਾਂਚ ਕੀਤੀ ਹੈ, ਕਮਲਪ੍ਰੀਤ ਸਿੰਘ ਦਾ ਜਲੰਧਰ ਜ਼ਿਲੇ ਵਿੱਚ ਕੋਈ ਵੀ ਅਪਰਾਧਿਕ ਰਿਕਾਰਡ ਨਹੀਂ ਹੈ। ਕਮਲਪ੍ਰੀਤ ਦੇ ਪਿਤਾ ਸਤਨਾਮ ਸਿੰਘ ਨੇ ਬੀਬੀਸੀ ਪੰਜਾਬੀ ਨੂੰ ਦੱਸਿਆ, ਸਾਨੂੰ ਆਪਣੇ ਮੁੰਡੇ ਦੀ ਗ੍ਰਿਫ਼ਤਾਰੀ ਬਾਰੇ ਖ਼ਬਰਾਂ ਤੋਂ ਹੀ ਪਤਾ ਲੱਗਿਆ, ਇਹ ਸਾਡੇ ਲਈ ਦੁੱਖਦਾਇਕ ਹੈ, ਕਮਲਪ੍ਰੀਤ 2019 ਵਿੱਚ ਸਟੱਡੀ ਵੀਜ਼ੇ ਉੱਤੇ ਕੈਨੇਡਾ ਗਿਆ ਸੀ। ਉਹ ਪਿਛਲੇ ਕਰੀਬ ਦੋ ਸਾਲਾਂ ਤੋਂ ਗੁਰਦਾਸਪੁਰ ਦੇ ਕਰਨਪ੍ਰੀਤ ਨਾਲ ਰਹਿ ਰਿਹਾ ਸੀ। ਅਸੀਂ ਤੀਜੇ ਮੁਲਜ਼ਮ ਕਰਨ ਬਰਾੜ ਬਾਰੇ ਕਦੇ ਨਹੀਂ ਸੁਣਿਆ।’’


GOLDEN STAR PAINTING

ਸਾਨੂੰ ਵਰਕਰਾਂ ਦੀ ਲੋੜ ਹੈ

ਨਵੇਂ/ਪੁਰਾਣੇ ਘਰ ਜਾਂ ਵਪਾਰ ਦੇ ਅੰਦਰ ਜਾਂ ਬਾਹਰ ਪੇਂਟ ਕਰਨ ਦਾ ਕੰਮ ਤਸੱਲੀਬਖ਼ਸ਼ ਅਤੇ ਵਾਜਿਬ ਕੀਮਤ ਤੇ ਕਰਦੇ ਹਾਂ



Free Estimate

ਪੁਰਾਣੇ ਘਰਾਂ ਤੇ ਸਪੈਸ਼ਲ ਡਿਸਕਾਊਂਟ

ਭੁਪਿੰਦਰ ਸਿੰਘ ਗਿੱਲ:604-897-5750



ਗੁਰਦੁਆਰਾ ਗੁਰਸਾਗਰ ਮਸਤੂਆਣਾ ਸਾਹਿਬ

11267-125A St, Surrey, BC

ਇਸ ਹਫਤੇ ਦੇ ਪ੍ਰੋਗਰਾਮ

*10 ਮਈ ਦਿਨ ਸ਼ੁੱਕਰਵਾਰ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀ ਖੁਸ਼ੀ ਵਿਚ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਸਵੇਰੇ 10 ਵਜੇ (ਹਾਲ ਨੰਬਰ 2) ਵਿਚ ਪਾਏ ਜਾਣਗੇ। ਜਿਸਦੀ ਸੇਵਾ ਦੀਪ ਟਾਇਰ ਕੰਪਨੀ ਦੇ ਪਰਿਵਾਰ ਵੱਲੋਂ ਹੋਵੇਗੀ।


*12 ਮਈ ਦਿਨ ਐਤਵਾਰ ਸਵ. ਸੁਖਵੀਰ ਸਿੰਘ ਸੰਧੂ ਦਾ ਅੰਤਮ ਸਸਕਾਰ ਦੁਪਹਿਰ 2 ਵਜੇ ਫਾਈਵ ਰਿਵਰ ਫਿਊਨਰਲ ਹੋਮ ਵਿਖੇ ਹੋਵੇਗਾ, ਉਪਰੰਤ ਸ਼ਾਮ 4 ਵਜੇ ਗੁਰੂਘਰ ਰਖਾਏ ਸਹਿਜਪਾਠ ਦੇ ਭੋਗ ਪਾਏ ਜਾਣਗੇ ਅਤੇ ਅੰਤਮ ਅਰਦਾਸ ਹੋਵੇਗੀ।

*12 ਮਈ ਦਿਨ ਐਤਵਾਰ ਸਵੇਰੇ 9 ਵਜੇ (ਹਾਲ 2) ਵਿਚ ਅਖੰਡਪਾਠ ਸਾਹਿਬ ਦੇ ਭੋਗ ਪਾਏ ਜਾਣਗੇ।

*12 ਮਈ ਦਿਨ ਐਤਵਾਰ ਸਵੇਰੇ 9 ਵਜੇ ਭਾਈ ਸਰਬਜੀਤ ਸਿੰਘ ਦੇ ਸਮੂਹ ਪਰਿਵਾਰ ਵੱਲੋਂ ਸੁਖਮਨੀ ਸਾਹਿਬ ਦੇ ਪਾਠ ਹੋਣਗੇ। ਉਪਰੰਤ ਹਫਤਾਵਾਰੀ ਦੀਵਾਨ ਸਜਣਗੇ ਜਿਸ ਵਿਚ ਹਜ਼ੂਰੀ ਰਾਗੀ ਜਥਾ ਭਾਈ ਗੁਰਸ਼ਰਨ ਸਿੰਘ ਯੂਕੇ ਵਾਲੇ, ਸੰਤ ਬਾਬਾ ਭਗਵੰਤ ਸਿੰਘ (ਰਾੜਾ ਸਾਹਿਬ), ਸੰਤ ਬਾਬਾ ਜਗਜੀਤ ਸਿੰਘ (ਗੁਰਨੇ ਕਲਾਂ ਖਾਰੇ ਵਾਲੇ) ਸੇਵਕ ਜਥਾ ਦੀਵਾਨ ਸਜਾਉਣਗੇ।

ਤੁਸੀਂ ਇਥੇ ਖੁਸ਼ੀ, ਗ਼ਮੀ, ਵਿਆਹ ਸ਼ਾਦੀ ਲਈ ਬੁਕਿੰਗ ਕਰਵਾ ਸਕਦੇ ਹੋ ਜੀ। ਸੰਗਤ ਦੀ ਸੇਵਾ ਲਈ ਸਾਰੀ ਸਹੂਲਤ ਤਿਆਰ ਹੈ।



ਸ੍ਰੀ ਮਾਨ ਸੰਤ ਬਾਬਾ ਤੇਜਾ ਸਿੰਘ ਜੀ ਮਹਾਰਾਜ ਜੀ ਦੀ ਸਾਲਾਨਾ ਬਰਸੀ ਦੇ ਸਬੰਧ ਵਿਚ 9 ਜੂਨ 2024 ਤੋਂ 1 ਜੁਲਾਈ 2024 ਤੱਕ ਸ੍ਰੀ ਅਖੰਡਪਾਠ ਸਾਹਿਬ ਦੀ ਲੜੀ ਆਰੰਭ ਹੋਵੇਗੀ। ਅਖੰਡਪਾਠ ਸਾਹਿਬ ਦੀ ਸੇਵਾ ਲੈਣ ਲਈ ਗੁਰੂਘਰ ਨਾਲ ਸੰਪਰਕ ਕਰੋ ਜੀ।

ਰਾਗੀ ਜੱਥੇ
ਹਜ਼ੂਰੀ ਰਾਗੀ ਜਥਾ ਭਾਈ ਪਰਮਿੰਦਰ ਸਿੰਘ ਜੀ ਗਾਲਿਬ
ਬਾਬਾ ਭਗਵੰਤ ਸਿੰਘ ਰਾੜਾ ਸਾਹਿਬ ਸੰਪਰਦਾ ਵਾਲੇ
ਭਾਈ ਗੁਰਸ਼ਰਨ ਸਿੰਘ ਜੀ (ਯੂ ਕੇ ਵਾਲੇ) ਸਾਬਕਾ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ

ਕਥਾਵਾਚਕ
(ਜਪੁਜੀ ਸਾਹਿਬ ਦੀ ਲੜੀਵਾਰ ਕਥਾ)
ਬਾਬਾ ਜਗਜੀਤ ਸਿੰਘ ਜੀ (ਖਾਰੇ ਵਾਲੇ)
ਸੇਵਕ ਜੱਥਾ ਮਸਤੂਆਣਾ ਸਾਹਿਬ

ਤਬਲਾ ਸਿੱਖਣ ਲਈ ਸੰਪਰਕ ਕਰੋ:
604-413-7171

ਗੁਰੂਘਰ ਵਿਖੇ ਤਬਲਾ, ਕੀਰਤਨ ਅਤੇ ਗੁਰਬਾਣੀ ਸੰਥਿਆ ਦੀਆਂ ਕਲਾਸਾਂ ਸ਼ੁਰੂ ਹਨ

ਪ੍ਰੋਗਰਾਮ ਬੁਕਿੰਗ ਲਈ ਸੰਪਰਕ ਕਰ ਸਕਦੇ ਹੋ: ਗੁਰਦੁਆਰਾ ਸਾਹਿਬ:604-413-7171
ਗਿ. ਮਹਿੰਦਰ ਸਿੰਘ ਮਹਿਸੰਮਪੁਰ:778-713-5121 ਗਿ. ਬਲਦੇਵ ਸਿੰਘ:604-719-2007

ਰੋਜ਼ਾਨਾ ਦੇ ਪ੍ਰੋਗਰਾਮ

ਸਵੇਰੇ

5 ਵਜੇ ਸਵੇਰੇ:ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼
5:15-6:15 ਵਜੇ ਤੱਕ :ਪੰਜ ਬਾਣੀਆਂ ਦੇ ਨਿਤਨੇਮ
6.30 -8 ਵਜੇ ਤੱਕ: ਆਸਾ ਜੀ ਦੀ ਵਾਰ ਦੇ ਕੀਰਤਨ
8-8:30 ਵਜੇ ਤੱਕ: ਕਥਾ ਹੁਕਮਨਾਮਾ
8:30-10 ਵਜੇ ਤੱਕ: ਕੀਰਤਨ ਅਤੇ ਸਮਾਪਤੀ

ਸ਼ਾਮ

6-6.30 ਵਜੇ ਤੱਕ:ਪਾਠ ਸੋਦਰ
6:30 -8 ਵਜੇ ਤੱਕ:ਗੁਰਬਾਣੀ ਕੀਰਤਨ ਅਤੇ ਸਮਾਪਤੀ

# ਪ੍ਰੈੱਸ ਦੀ ਆਜ਼ਾਦੀ ਨੂੰ ਦਰਪੇਸ਼ ਚੁਣੌਤੀਆਂ ਦਾ ਸਾਹਮਣਾ ਮਿਲ ਕੇ ਕਰਨ ਦਾ ਸੱਦਾ



ਜਲੰਧਰ-ਪੰਜਾਬ ਪ੍ਰੈੱਸ ਕਲੱਬਂ ਵਖੇ ਕੌਮਾਂਤਰੀ ਪ੍ਰੈੱਸ ਆਜ਼ਾਦੀ ਦਿਵਸ 'ਤੇ ਇਕ ਸੰਖੇਪ ਤੇ ਭਾਵਪੂਰਤ ਸਮਾਗਮ ਹੋਇਆ ਜਿਸ ਵਿਚ ਪੱਤਰਕਾਰਾਂ ਨੇ ਅੰਤਰਰਾਸ਼ਟਰੀ ਰਾਸ਼ਟਰੀ ਅਤੇ ਪੰਜਾਬ ਪ੍ਰਾਂਤ ਵਿਚ ਪ੍ਰੈੱਸ ਦੀ ਆਜ਼ਾਦੀ ਲਈ ਵੱਧ ਰਹੀਆਂ ਚੁਣੌਤੀਆਂ ਤੇ ਗਿਹਰੀ ਚਿੰਤਾ ਪ੍ਰਗਟ ਕੀਤੀ। ਇਸ ਮੌਕੇ 'ਤੇ ਆਪਣੇ ਵਿਚਾਰ ਰੱਖਣ ਵਾਲੇ ਬਹੁਤੇ ਪੱਤਰਕਾਰਾਂ ਵਲੋਂ ਇਹ ਕਿਹਾ ਗਿਆ ਕਿ ਪੱਤਰਕਾਰ ਭਾਈਚਾਰੇ ਨੂੰ ਇਨ੍ਹਾਂ ਚੂਣੌਤੀਆਂ ਦਾ ਸਾਹਮਣਾ ਆਪਸੀ ਸਹਿਯੋਗ ਨਾਲ ਕਰਨਾ ਚਾਹੀਦਾ ਹੈ ਅਤੇ ਪ੍ਰਤੀਬੱਧਤਾ ਨਾਲ ਆਪਣੇ ਲੋਕਾਂ ਦੇ ਸਰਕਾਰਾਂ ਨੂੰ ਮੀਡੀਆ ਦੇ ਵੱਖ-ਵੱਖ ਮਾਧਿਅਮਾਂ ਰਾਹੀਂ ਉਠਾਉਣਾ ਚਾਹੀਦਾ ਹੈ। ਸਮਾਗਮ ਨੂੰ ਸੰਬੋਧਨ ਕਰਿਦਆਂ ਪ੍ਰੈੱਸ ਕਲੱਬ ਦੇ ਪ੍ਰਧਾਨ ਸਤਨਾਮ ਸਿੰਘ ਮਾਣਕ ਨੇ ਕਿਹਾ ਕਿ ਪ੍ਰੈੱਸ ਨੂੰ ਹਮੇਸ਼ਾ ਤੋਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾਂ ਰਹਾ ਹੈ ਤੇ ਅੱਜ ਵੀ ਕਰਨਾ ਪੈ ਰਿਹਾ ਹੈ। ਉਨ੍ਹਾਂ ਨੇ ਵਿਸ਼ੇਸ਼ ਤੋਰ ਤੇ ਰੂਸ ਅਤੇ ਯੂਕਰੇਨ ਦੀ ਜੰਗ ਵਿਚ ਅਤੇ ਇਜ਼ਰਾਈਲ ਅਤੇ ਹਮਾਂਸ ਦੀ ਜੰਗ ਵਿਚ ਦਰਜਨਾਂ ਹੀ ਪੱਤਰਕਾਰਾਂ ਦੇ ਸ਼ਹੀਦ ਹੋ ਜਾਣ ਦਾ ਜ਼ਿਕਰ ਕੀਤਾ। ਉਨ੍ਹਾਂ ਨੇ ਕਿਹਾ ਕਿ ਇਹ ਸਾਰੀਆਂ ਚੁਣੌਤੀਆਂ ਪੱਤਰਕਾਰੀ ਦੇ ਪੇਸ਼ੇ ਦੀਆਂ ਚੁਣੋਤੀਆਂ ਹਨ, ਜਿਨ੍ਹਾਂ ਦਾ ਦ੍ਰਿੜਤਾ ਅਤੇ ਦਲੇਰੀ ਨਾਲ ਹੀ ਸਾਹਮਣਾ ਕੀਤਾ ਜਾ ਸਕਦਾ ਹੈ। ਦੇਸ਼ ਦੀਆਂ ਅਜੋਕੀਆਂ ਸਥਿਤੀਆਂਵਿਚ ਜਮਹੂਰੀਅਤ ਨੂੰ ਬਚਾਉਣ ਲਈ ਪੱਤਰਕਾਰਾਂ ਨੂੰ ਜਾਗਰੂਕ ਹੋ ਕੇ ਆਪਣਾ ਰੋਲ ਨਿਭਾਉਣਾ ਚਾਹੀਦਾ ਹੈ। ਪ੍ਰੈੱਸ ਕਲੱਬ ਦੇ ਸੀਨੀਅਰ ਮੀਤ ਪ੍ਰਧਾਨ ਰਾਜੇਸ਼ ਨੇ ਕਿਹਾ ਕਿ ਦੇਸ਼ ਵਿਚ ਪੱਤਰਕਾਰੀ ਦੀ ਆਜ਼ਾਦੀ ਲਗਾਤਾਰ ਸੁੰਗੜਦੀ ਜਾ ਰਹੀ ਹੈ। ਇਸ ਨੂੰ ਹਰ ਹੀਲੇ ਬਚਾਉਣ ਲਈ ਸਾਨੂੰ ਯਤਨਸ਼ੀਲ ਰਹਿਣਾ ਚਾਹੀਦਾ ਹੈ। ਪੱਤਰਕਾਰਾਂ ਨੇ ਕਿਹਾ ਪ੍ਰੈੱਸ ਦੀ ਆਜ਼ਾਦੀ ਬਾਰੇ ਤੇਂ ਇਸ ਦੇ ਮਹੱਤਵ ਬਾਰੇ ਸਾਨੂੰ ਖ਼ੁਦ ਵੀ ਸੁਚੇਤ ਹੋਣਾ ਚਾਹੀਦਾ ਹੈ ਤੇ ਹਰ ਤਰ੍ਹਾਂ ਦੀਆਂ ਸਥਿਤੀਆਂ ਵਿਚ ਆਪਣਾ ਰੋਲ ਨਿਭਾਉਣ ਲਈ ਤਿਆਰ ਰਹਿਣਾ ਚਾਹੀਦਾ ਹੈ। ਲਾਲਚ ਜਾਂ ਸਵਾਰਥਾਂ ਅਧੀਨ ਨਾ ਕੋਈ ਖ਼ਬਰ ਦੇਣੀ ਚਾਹੀਦੀ ਹੈ ਤੇ ਨਾ ਹੀ ਰੋਕਣੀ ਚਾਹੀਦੀ ਹੈ। ਨੌਜਵਾਨ ਪੱਤਰਕਾਰ ਸੁਕਰਾਤ ਸਫ਼ਰੀ ਨੇ ਕਿਹਾ ਕਿ ਪ੍ਰੈੱਸ ਲਈ ਆਜ਼ਾਦੀ ਦੀ ਮੰਗ ਕਰਨ ਦੇ ਨਾਲ-ਨਾਲ ਸਾਨੂੰ ਖ਼ੁਦ ਵੀ ਆਪਣੇ ਅੰਦਰ ਵੀ ਝਾਤੀ ਮਾਰਨੀ ਚਾਹੀਦੀ ਹੈ ਅਤੇ ਪ੍ਰੈੱਸ ਦੀ ਆਜ਼ਾਦੀ ਦੀ ਵਰਤੋਂ ਆਪਣੇ ਲੋਕਾਂ ਦੇ ਹਿੱਤਾਂ ਅਤੇ ਉਨ੍ਹਾਂ ਨੂੰ ਇਨਸਾਫ਼ ਦਿਵਾਉਣ ਲਈ ਕਰਨੀ ਚਾਹੀਦੀ ਹੈ। ਜਸਬੀਰ ਸਿੰਘ ਸੋਢੀ ਨੇ ਸਮਾਗਮ ਨੂੰ ਸੰਬੋਧਨ ਕਰਦਿਆਂ ਪੱਤਰਕਾਰਾਂ ਨੂੰ ਨੈਤਿਕ ਕਦਰਾਂ ਕੀਮਤਾਂ ਦੇ ਧਾਰਨੀ ਬਣਨ ਦਾ ਸੱਦਾ ਦਿੱਤਾ ਤਾਂ ਕਿ ਪੱਤਰਕਾਰਾਂ 'ਤੇ ਕੋਈ ਵੀ ਉਂਗਲ ਨਾ ਉਠਾ ਸਕੇ।


SUPER SANDHU

ਕਲਾਸ 4 ਡਰਾਈਵਰਾਂ ਦੀ ਲੋੜ

ਸਾਨੂੰ ਐਬਟਸਫੋਰਡ ਅਤੇ ਸਰੀਂ ਤੋਂ ਬੇਰੀ ਪਿੱਕਰਾਂ, ਕੈਨਰੀ, ਨਰਸਰੀ ਗਰੇਡਿੰਗ ਲਾਇਨ ਅਤੇ ਗਰੀਨ ਹਾਊਸ ਦੇ ਕੰਮ ਕਰਨ ਲਈ ਵਰਕਰਾਂ ਦੀ ਲੋੜ ਹੈ।

ਸਾਡੇ ਨਾਲ ਅੱਜ ਹੀ ਸੰਪਰਕ ਕਰੋ

Gary Varing: 604-807-3910 | Charlie Sandhu: 604-864-7711


## (ਮੁੱਖ ਪੰਨੇ ਦੀ ਬਾਕੀ)

ਸਾਂਝੀਦਾਰ ਅਤੇ ਸਾਰੇ ਖਿੱਤੇ ਦੇ ਅਮਨ ਅਤੇ ਸੁਰੱਖਿਆ ਲਈ ਇਕ ਗੰਭੀਰ ਖਤਰਾ ਹੈ। ਪੰਥ ਸੇਵਕ ਸ਼ਖ਼ਸੀਅਤਾਂ ਨੇ ਕਿਹਾ ਕਿ ਗੈਂਗਵਾਦ ਜਾਂ ਜੁਰਮ ਦੀ ਦੁਨੀਆ ਵਿਚ ਪੈਰ ਰੱਖਣ ਵਾਲੇ ਨੌਜਵਾਨਾਂ ਨੂੰ ਸਮਝਣਾ ਚਾਹੀਦਾ ਹੈ ਕਿ ਇਹ ਧਰਤ ਪੰਜਾਬ ਦੇ ਜਾਇਆਂ ਦਾ ਰਾਹ ਜਾਂ ਵਿਰਾਸਤ ਨਹੀਂ ਹੈ। ਪੰਜਾਬ ਦੀ ਅਣਖੀ ਵਿਰਾਸਤ ਜ਼ਾਬਰ ਸਰਕਾਰਾਂ ਵਿਰੁਧ ਡਟਣ ਦੀ ਹੈ, ਜਾਲਮ ਹਕੂਮਤਾਂ ਦੇ ਜ਼ਬਰ ਦਾ ਸੰਦ ਬਣਨ ਦੀ ਨਹੀਂ। ਜਿਸ ਰਾਹ ਉੱਤੇ ਇਹ ਨੌਜਵਾਨ ਚੱਲ ਰਹੇ ਹਨ ਉਸ ਵਿਚ ਪੰਜਾਬ, ਸਿੱਖਾਂ ਜਾਂ ਉਹਨਾ ਦਾ ਆਪਣਾ ਭਲਾ ਨਹੀਂ ਹੈ ਬਲਕਿ ਇਹ ਬਰਬਾਦੀ ਦਾ ਰਾਹ ਹੈ। ਇਸ ਲਈ ਨੌਜਵਾਨਾਂ ਨੂੰ ਆਪਣੇ ਮੂਲ ਵੱਲ ਮੁੜਨਾ ਚਾਹੀਦਾ ਹੈ। ਪੰਥ ਸੇਵਕਾਂ ਅਨੁਸਾਰ ਇਸ ਵੇਲੇ ਦੱਖਣੀ ਏਸ਼ੀਆ ਦਾ ਖਿੱਤਾ ਵੱਡੀਆਂ ਸੰਸਾਰ ਤਾਕਤਾਂ ਦੇ ਮੁਫਾਦਾਂ ਦੇ ਭੇੜ ਦਾ ਇਕ ਧੁਰਾ ਬਣ ਰਿਹਾ ਹੈ। ਪੰਜਾਬ ਅਤੇ ਸਿੱਖ ਕ੍ਰਮਵਾਰ ਆਪਣੀ ਭੂ-ਰਣਨਤੀਕ ਅਤੇ ਰਾਜਸੀ ਇਤਿਹਾਸ ਕਾਰਨ ਦੱਖਣੀ ਏਸ਼ੀਆ ਵਿਚ ਅਹਿਮ ਕਾਰਕ ਹਨ। ਉਪਮਹਾਂਦੀਪ ਦੇ ਇਤਿਹਾਸ ਨੇ ਕਈ ਵਾਰ ਇਹ ਪਰਤੱਖ ਦਰਸਾਇਆ ਹੈ ਕਿ ਜ਼ਬਰ ਖਿਲਾਫ ਸਿੱਖਾਂ ਦਾ ਵਿਰੋਧ ਤੇ ਅਗਵਾਈ ਜ਼ਾਬਰ ਦਾ ਰਾਹ ਰੋਕਣ ਅਤੇ ਉਸ ਵਿਰੁਧ ਢਾਂਚਾਗਤ ਤਬਦੀਲੀਆਂ ਲਿਆਉਣ ਦੇ ਸਮਰੱਥ ਲਹਿਰ ਖੜ੍ਹੀ ਕਰਨ ਦੇ ਕਾਬਲੀਅਤ ਰੱਖਦੀ ਹੈ। ਇਸੇ ਕਾਰਨ ਦਿੱਲੀ ਦਰਬਾਰ ਖਾੜਕੂ ਲਹਿਰ ਨੂੰ ਬਦਨਾਮ ਕਰਨ ਦੇ ਨਾਲ-ਨਾਲ ਅਜ਼ਾਦੀ ਲਹਿਰ ਨਾਲ ਜੁੜੀਆਂ ਸ਼ਖ਼ਸੀਅਤਾਂ ਨੂੰ ਨਿਸ਼ਾਨਾ ਬਣਾ ਰਿਹਾ ਹੈ। ਖਾੜਕੂ ਲਹਿਰ ਦੀ ਅਗਵਾਈ ਤੇ ਲਹਿਰ ਦੇ ਫੈਸਲਿਆਂ ਬਾਰੇ ਸ਼ੰਕੇ ਖੜ੍ਹੇ ਕਰਨ ਦੀਆਂ ਸੋਸ਼ਲ ਮੀਡੀਆ ਉੱਤੇ ਚੱਲਦੀਆਂ ਮੁਹਿੰਮਾਂ ਵੀ ਇਸੇ ਨੀਤੀ ਦਾ ਹਿੱਸਾ ਹਨ। ਉਹਨਾ ਕਿਹਾ ਕਿ ਦਿੱਲੀ ਦਰਬਾਰ ਸਿੱਖਾਂ ਵਿਚ ਆਪਸੀ ਫੁੱਟ ਦਾ ਬਿਰਤਾਂਤ ਸਿਰਜ ਕੇ ਪੰਜਾਬ ਵਿਚ ਵੀ ਸੰਘਰਸ਼ੀ ਸਿੱਖ ਹਿੱਸਿਆਂ ਨੂੰ ਨਿਸ਼ਾਨਾ ਬਣਾ ਸਕਦਾ ਹੈ। ਇਸ ਪੱਖੋਂ ਸੁਚੇਤ ਰਹਿੰਦਿਆਂ ਸਿੱਖਾਂ ਨੂੰ ਭਵਿੱਖ ਦੀ ਸਾਂਝੀ ਵਿਓਂਤਬੰਦੀ ਤੇ ਅਮਲਦਾਰੀ ਲਈ ਆਪਸ ਵਿਚ ਸੰਵਾਦ ਰਚਾਉਣਾ ਚਾਹੀਦਾ ਹੈ।


TMG LOGISTICS INC.

Need Owner Operators

NOW HIRING

*Vancouver to California *California to Alberta Back Vancouver
*Vancouver to East USA Return

Good Paying Loads



Need Company Drivers

*Single Driver Pay 52cents/mile*
*Team Drivers 32 cents/mile*

FOR MORE INFORMATION CALL AT:

(604) 598-3680 Fax: 604-596-3681 Cell: 778-838-3680

#121-13140-80Ave Surrey, BC V3W 3B2

# ਮੰਦਰ ਦੇ ਪੁਜਾਰੀਆਂ ਵੱਲੋਂ ਨੌਜਵਾਨ ਦਾ ਕਤਲ:ਲਾਸ਼ ਹਵਨਕੁੰਡ ਹੇਠ ਦਬਾਈ

ਸੰਗਰੂਰ- ਸੰਗਰੂਰ ਜ਼ਿਲ੍ਹੇ 'ਚ ਧੂਰੀ ਦੇ ਦੋਹਾਲਾ ਰੇਲਵੇ ਫਾਟਕ ਨੇੜੇ ਬਗਲਾਮੁਖੀ ਮੰਦਰ ਦੇ ਦੋ ਪੁਜਾਰੀਆਂ ਨੇ ਨੌਜਵਾਨ ਦਾ ਕਤਲ ਕਰ ਕੇ ਲਾਸ਼ ਨੂੰ ਹਵਨਕੁੰਡ ਹੇਠ ਦੱਬ ਦਿੱਤੇ ਜਾਣ ਦੀ ਖ਼ਬਰ ਹੈ, ਮ੍ਰਿਤਕ ਦੀ ਪਛਾਣ 33 ਸਾਲਾ ਸੁਦੀਪ ਕੁਮਾਰ ਪੁੱਤਰ ਗੁਰਿੰਦਰ ਕੁਮਾਰ ਵਾਸੀ ਧੂਰੀ ਵਜੋਂ ਹੋਈ ਹੈ। ਪਰਿਵਾਰ ਦੇ ਮੁਤਾਬਕ ਮ੍ਰਿਤਕ 2 ਮਈ ਤੋਂ ਘਰ ਨਹੀਂ ਆਇਆ ਸੀ।ਇਸ ਸੰਬੰਧੀ ਜਾਣਕਾਰੀ ਦਿੰਦਿਆਂ ਥਾਣਾ ਸਿਟੀ ਧੂਰੀ ਦੇ ਐੱਸਐੱਚਓ ਸੌਰਭ ਸਭਰਵਾਲ ਨੇ ਦੱਸਿਆ ਕਿ ਸੁਦੀਪ ਕੁਮਾਰ ਦੇ ਪਰਿਵਾਰ ਵਾਲਿਆਂ ਨੇ ਪੁਲਿਸ ਨੂੰ ਬੀਤੇ ਦਿਨ ਲਾਪਤਾ ਹੋਣ ਦੀ ਸੂਚਨਾ ਦਿੱਤੀ ਸੀ।ਸੁਦੀਪ ਛੋਟੇ ਬੱਚਿਆਂ ਨੂੰ ਪੰਡਿਤ ਵਿੱਦਿਆ ਪੜ੍ਹਾਉਂਦਾ ਸੀ ਅਤੇ 2 ਮਈ ਤੋਂ ਘਰ ਨਹੀਂ ਆਇਆ ਸੀ। ਪਰਿਵਾਰਕ ਮੈਂਬਰਾਂ ਨੇ ਮੰਦਰ ਜਾ ਕੇ ਪੁੱਛਗਿੱਛ ਕੀਤੀ ਤਾਂ ਮੰਦਰ ਦੇ ਪੁਜਾਰੀ ਪਰਮਾਨੰਦ ਨੇ ਦੱਸਿਆ ਕਿ ਉਹ ਦੋ ਦਿਨਾਂ ਤੋਂ ਮੰਦਰ ਨਹੀਂ ਆਇਆ। ਪਰ ਜਦੋਂ ਪੁਲਿਸ ਨੇ ਮੰਦਰ ਦੇ ਪੁਜਾਰੀ ਪਰਮਾਨੰਦ ਤੋਂ ਪੁੱਛਗਿੱਛ ਕੀਤੀ ਤਾਂ ਉਨ੍ਹਾਂ ਨੂੰ ਸ਼ੱਕ ਹੋਇਆ।ਇਸ ਤੋਂ ਬਾਅਦ ਉਸ ਨੂੰ ਥਾਣੇ ਲਿਜਾ ਕੇ ਸਖ਼ਤੀ ਨਾਲ ਪੁੱਛਗਿੱਛ ਸ਼ੁਰੂ ਕੀਤੀ ਗਈ।ਪੁੱਛਗਿੱਛ ਦੌਰਾਨ ਪਰਮਾਨੰਦ ਨੇ ਸੁਦੀਪ ਕੁਮਾਰ ਦੇ ਕਤਲ ਦੀ ਸਾਰੀ ਕਹਾਣੀ ਦੱਸੀ ਅਤੇ ਮੰਨਿਆ ਕਿ ਉਸ ਨੇ ਹੀ ਉਸ ਦਾ ਕਤਲ ਕਰਕੇ ਲਾਸ਼ ਨੂੰ ਹਵਨਕੁੰਡ ਹੇਠਾਂ ਦੱਬ ਦਿੱਤਾ ਸੀ। ਪੁਲੀਸ ਨੇ ਹਵਨਕੁੰਡ ਹੇਠ ਦੱਬੀ ਲਾਸ਼ ਨੂੰ ਬਾਹਰ ਕੱਢ ਕੇ ਪੋਸਟਮਾਰਟਮ ਲਈ ਸਰਕਾਰੀ ਹਸਪਤਾਲ ਭੇਜ ਦਿੱਤਾ ਹੈ।ਇਸ ਤੋਂ ਇਲਾਵਾ ਬਗਲਾਮੁਖੀ ਮੰਦਰ ਦੇ ਪੁਜਾਰੀ ਪਰਮਾਨੰਦ ਅਤੇ ਮੁੱਖ ਪੁਜਾਰੀ ਅਸ਼ੋਕ ਸ਼ਾਸਤਰੀ ਦੇ ਖਿਲਾਫ ਕਤਲ ਦਾ ਮਾਮਲਾ ਦਰਜ਼ ਕੀਤਾ ਗਿਆ ਹੈ।



A TO Z DRIVING SCHOOL

ਲਰਨਿੰਗ ਲਾਇਸੈਂਸ

ਕਾਰ, ਟਰੱਕ/ ਮੋਟਰਸਾਈਕਲ
ਟੈਕਸੀ ਜਾਂ ਏਅਰ ਬਰੇਕ ਦਾ ਲਾਇਸੈਂਸ
ਪੰਜਾਬੀ ਵਿਚ ਲੈਣ ਲਈ ਸੰਪਰਕ ਕਰੋ



- ਲੇਡੀਜ਼ ਵਾਸਤੇ ਸੁਨਹਿਰੀ ਮੌਕਾ, ਹੁਣ ਤੁਸੀਂ ਕਾਰ ਦੀ ਤਰ੍ਹਾਂ ਬਿਨਾ ਗੇਅਰਾਂ ਤੋਂ ਕਲਾਸ 1 ਦਾ ਲਾਇਸੈਂਸ ਲੈ ਸਕਦੇ ਹੋ
- ਜੇ ਟਰੱਕ ਦਾ ਲਾਇਸੈਂਸ ਲੈਣਾ ਚਾਹੁੰਦੇ ਹੋ ਪਰ ਅੰਗਰੇਜੀ ਨਹੀਂ ਆਉਂਦੀ ਜਾਂ ਘੱਟ ਆਉਂਦੀ ਹੈ ਬੁੱਕ ਦੇਖ ਕੇ ਘਬਰਾ ਜਾਂਦੇ ਹੋ ਤਾਂ ਡਰੋ ਨਾ, ਹੁਣੇ ਫੋਨ ਕਰੋ






ਅਸੀਂ ਸਿਟੀਜਨਸ਼ਿਪ, ਨੈਸ਼ਨਲ ਸੇਫਟੀ ਕੋਡ ਦੀਆਂ ਕਲਾਸਾਂ ਲਗਾਉਂਦੇ ਹਾਂ

WE DO:
*CITIZENSHIP CLASSES
*NATIONAL SAFETY CODE (NSC) CLASSES

A to Z DRIVING SCHOOL
Lucky: 604-614-5365
Unit 15 - 8388 128 St., Surrey



ਮਨ ਮਨੁੱਖ ਦੀ ਕੁੰਜੀ ਹੈ — Mind is the key to the man.

NATURAL HOMEOPATHIC SOLUTIONS

Homeopathic Natural Products And Consultations

• Stress • Obesity & Weight Management & much more

2nd Location at Abbotsford also
#1, 32056 Cedar Park
(Above Dr. Chan Medical Clinic)
CALL Dr. Shveta : 604-304-2236
MBBS, MD & DHMHS (ONT.)

• Children & Ladies Problems and much more

We Have Effective New Medicines Based On Latest Research For The Cure Of:

- Allergy Conditions
- Colitis
- De-addiction
- Migraine
- Sexual Problems
- Arthritis
- Stress Anxiety
- All Auto-Immune Diseases



"Homeopath R S Saini receiving International Award"

Director, West coast Homeopathic Society of Canada

Dr.R S Saini & Dr. Shveta Has The Latest Knowledge For The Cure Of These Diseases.
ਹੋਮਿਊਪੈਥ ਆਰ. ਐਸ. ਸੈਣੀ D.HOM. (London), MD(AM), International Medal Awardee 1973 ਤੋ ਐਕਟਿਵ ਪ੍ਰੈਕਟਿਸ ਵਿਚੱ

For Abbotsford
#1, 32056 Cedar Park (Above Dr. Chan Medical Clinic)
Appointments Call Dr. Shveta
MBBS, MD & DHMHS (ONT.)
604-304-2236

For Surrey
231-8138-128 ST., SURREY
(2ND FLOOR PAYAL BUSINESS CENTER)
604-502-9579

www.homeopathsaini.com



# PACIFIC NURSERIES

ਬਲਿਊਬੇਰੀ (ਡਿਊਕ) ਅਤੇ ਸੀਡਰ ਹੈਜਿੰਗ ਪਲਾਂਟ ਵਿਕਾਊ



*Blueberry (Duke) Plants FOR SALE
*Certified Imported from USA
*Potted in One Gallon Pots
*High Quality & Healty Plants
*Limited Quantity
*Will Be Ready to Plant in September

*Cedar Hedging Plants FOR SALE
*Potted in One Gallon
*Very Healty & High Quality
*Will be Ready to Plant in September

ONLY FOR WHOLESALERS

TO BOOK YOUR ORDER CONTACT:
778-552-0305

# ਭਾਈ ਨਿੱਝਰ ਦੇ ਕਾਤਲਾਂ ਨੂੰ ਗ੍ਰਿਫਤਾਰ ਕਰਨ ਲਈ ਦਲ ਖਾਲਸਾ ਕਨੇਡਾ ਦਾ ਧੰਨਵਾਦ

ਅੰਮ੍ਰਿਤਸਰ-ਖ਼ਾਲਿਸਤਾਨ ਕਮਾਂਡੋ' ਫ਼ੋਰਸ ਦੇ ਮੁਖੀ ਭਾਈ ਪਰਮਜੀਤ ਸਿੰਘ ਪੰਜਵੜ ਦੀ ਸ਼ਹਾਦਤ ਦੇ ਇਕ ਸਾਲ ਪੂਰੇ ਹੋਣ ਤੇ ਦਲ ਖ਼ਾਲਸਾ ਵੱਲੋਂ ਉਹਨਾਂ ਨੂੰ ਸਰਧਾਂਜਲੀ ਅਰਪਿਤ ਕਰਿਦਆਂ ਪਾਕਿਸਤਾਨ ਸਰਕਾਰ ਤੋਂ ਜ਼ੋਰਦਾਰ ਮੰਗ ਕੀਤੀ ਗਈ ਕਿ ਉਹ ਭਾਈ ਪੰਜਵੜ ਦੇ ਕਤਲਾਂ ਨੂੰ ਤੁਰੰਤ ਗ੍ਰਿਫਤਾਰ ਕਰਕੇ ਸਜ਼ਾ ਦੇਵੇ।

ਦਲ ਖ਼ਾਲਸਾ ਦੇ ਪ੍ਰਧਾਨ ਹਰਪਾਲ ਸਿੰਘ ਚੀਮਾ ਅਤੇ ਕੰਵਰਪਾਲ ਸਿੰਘ ਨੇ ਕਿਹਾ ਕਿ ਭਾਈ ਪੰਜਵੜ ਸਿੱਖ ਸੰਘਰਸ਼ ਦੇ ਉੱਘੇ ਜੁਝਾਰੂ ਯੋਧੇ ਸਨ ਜਿਨ੍ਹਾਂ ਨੂੰ ਪੰਥ ਦੇ ਦੁਸ਼ਮਣਾਂ ਨੇ ਪਿਛਲੇ ਵਰ੍ਹੇ 6 ਮਈ ਨੂੰ ਲਾਹੌਰ ਦੇ ਇੱਕ ਪਾਰਕ ਵਿੱਚ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤਾ ਸੀ।

ਉਹਨਾਂ ਸਪੱਸ਼ਟ ਕੀਤਾ ਕਿ ਇਸ ਨਾਮਵਰ ਜੁਝਾਰੂ ਦੇ ਸਰਹੱਦ ਪਾਰ ਹੋਏ ਕਤਲ ਪਿੱਛੇ ਦਿਮਾਗ ਭਾਰਤ ਦੀ ਡੀਪ ਸਟੇਟ ਦਾ ਹੈ।

ਕੈਨੇਡਾ ਸਰਕਾਰ ਵੱਲੋਂ ਭਾਈ ਹਰਦੀਪ ਸਿੰਘ ਨਿੱਝਰ ਦੇ ਤਿੰਨ ਕਾਤਲਾਂ ਨੂੰ ਗ੍ਰਿਫਤਾਰ ਕਰਨ ਲਈ ਦਲ ਖ਼ਾਲਸਾ ਆਗੂਆਂ ਨੇ ਜਸਟਿਨ ਟਰੂਡੋ ਸਰਕਾਰ ਦਾ ਧੰਨਵਾਦ ਕੀਤਾ ਅਤੇ ਨਾਲ ਹੀ, ਪਾਕਿਸਤਾਨ ਸਰਕਾਰ ਨੂੰ ਵੀ ਭਾਈ ਪੰਜਵੜ ਦੇ ਕਤਲ ਦੇ ਪਿੱਛੇ ਕੰਮ ਕਰਦੀਆਂ ਸ਼ਕਤੀਆਂ ਨੂੰ ਨਸ਼ਰ ਕਰਨ ਦੀ ਅਪੀਲ ਕੀਤੀ। ਉਹਨਾਂ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਪਿਛਲੇ ਸਾਲ ਸਤੰਬਰ ਵਿੱਚ ਭਾਈ ਨਿੱਝਰ ਦੇ ਕਤਲ ਲਈ ਭਾਰਤ ਸਰਕਾਰ ਦੇ ਏਜੰਟਾਂ ਦੇ ਰੋਲ ਬਾਰੇ ਖੁਲਾਸਾ ਕਰਨ ਦਾ ਜ਼ਿਕਰ ਕਰਿਦਆਂ ਕਿਹਾ ਕਿ ਸਿੱਖ ਕੌਮ ਨੂੰ ਉਮੀਦ ਹੈ ਕਿ ਕੈਨੇਡਾ ਸਰਕਾਰ ਗ੍ਰਿਫਤਾਰ ਨੌਜਵਾਨਾਂ ਦੀ ਸਖ਼ਤੀ ਨਾਲ ਪੁੱਛਗਿੱਛ ਕਰਕੇ ਸੱਚ ਦੁਨੀਆ ਸਾਹਮਣੇ ਰੱਖੇਗੀ।



ਉਹਨਾਂ ਭਾਰਤ ਦੇ ਵਿਦੇਸ਼ ਮੰਤਰਾਲੇ ਵੱਲੋਂ ਇਹਨਾਂ ਗ੍ਰਿਫ਼ਤਾਰੀਆਂ ਉਪਰੰਤ ਜਾਗੋ ਸਪੱਸ਼ਟੀਕਰਨ ਅਤੇ ਭਾਰਤੀ ਮੀਡੀਆ ਦੀ ਪੇਸ਼ਕਾਰੀ ਨੂੰ ਸੱਚ ਤੋਂ ਭਗੌੜੇ ਹੋਣਾ ਦੱਸਿਦਆਂ ਕਿਹਾ ਕਿ ਭਾਈ ਪੰਜਵੜ ਅਤੇ ਭਾਈ ਨਿੱਝਰ ਦੇ ਖ਼ੂਨ ਦੇ ਛਿੱਟੇ ਭਾਰਤ ਦੇ ਹੁਕਮਰਾਨਾਂ ਦੇ ਦਾਮਨ ਤੇ ਪੱਕੇ ਲੱਗ ਚੁੱਕੇ ਹਨ ਅਤੇ ਦੁਨੀਆਂ ਦੇ ਸ਼ਕਤੀਸ਼ਾਲੀ ਮੁਲਕ ਭਾਰਤ ਦੀ ਲੁਕਵੇਂ ਏਜੰਡੇ ਨੂੰ ਜਾਣ ਗਏ ਹਨ।

ਕੈਨੇਡਾ ਅੰਦਰ ਗ੍ਰਿਫਤਾਰ ਨੌਜਵਾਨਾਂ ਨੂੰ ਲਾਰੈਂਸ ਬਿਸ਼ਨੋਈ ਗੈਂਗ ਨਾਲ ਜੋੜਣ ਬਾਰੇ ਅਣ-ਅਧਿਕਾਰਤ ਖਬਰਾਂ ਉੱਤੇ ਬੋਲਦਿਆਂ ਦਲ ਖ਼ਾਲਸਾ ਆਗੂਆਂ ਨੇ ਕਿਹਾ ਕਿ ਕੈਨੇਡਾ ਦੇ ਜਾਂਚ ਅਫ਼ਸਰਾਂ ਨੇ ਅਜਿਹਾ ਕੋਈ ਇਸ਼ਾਰਾ ਨਹੀਂ ਦਿੱਤਾ ਪਰ ਜੇਕਰ ਅਜਿਹਾ ਕੋਈ ਤੱਥ ਸਾਹਮਣੇ ਆਉਂਦਾ ਹੈ ਤਾਂ ਕੋਈ ਹੈਰਾਨੀ ਨਹੀਂ ਹੋਵੇਗੀ ਕਿਉਂਕਿ ਭਾਰਤ ਸਰਕਾਰ ਆਪਣੇ ਦੁਸ਼ਮਣਾਂ ਨੂੰ ਜਿਸਮਾਨੀ ਤੌਰ ਤੇ ਖਤਮ ਕਰਨ ਲਈ ਮੁੱਢ ਤੋਂ ਹੀ ਇਹਨਾਂ ਗੈਂਗਸਟਰਾਂ ਦਾ ਇਸਤੇਮਾਲ ਕਰਦੀ ਆ ਰਹੀ ਹੈ।

ਉਹਨਾਂ ਬੰਬਈ ਦੇ ਮਸ਼ਹੂਰ ਗੈਂਗਸਟਰ ਛੋਟਾ ਰਾਜਨ ਦਾ ਜ਼ਿਕਰ ਕੀਤਾ ਜੋ ਭਾਰਤ ਦੀਆਂ ਏਜੰਸੀਆਂ ਦਾ ਹਿੱਟ-ਮੈਨ ਸੀ।

# ਭਾਰਤ ਦੇ ਨੌਜਵਾਨਾਂ ਵਿੱਚ ਦੇਸ਼ ਦਾ ਆਗੂ ਚੁਣਨ ਦੀ ਦਿਲਚਸਪੀ ਨਹੀਂ




ਜਾਪਦਾ ਹੈ ਕਿ ਉਨ੍ਹਾਂ ਦੇ ਦਿਲ ਵਿਚ ਹੁਣ ਦੇਸ਼ ਦੇ ਆਗੂ ਚੁਣਨ ਵਿਚ ਕੋਈ ਦਿਲਚਸਪੀ ਨਹੀਂ ਰਹੀ। ਇਹ ਚਿੰਤਾ 2023 ਦੀਆਂ ਕਰਨਾਟਕਾ ਚੋਣਾਂ ਵਿਚ ਪੋਲ ਹੋਈਆਂ ਵੋਟਾਂ ਦੇ ਅੰਕੜਿਆਂ ਤੋਂ ਮਿਲੀ ਸੀ ਜਿਥੇ 18-19 ਦੀ ਉਮਰ ਵਾਲੇ ਨੌਜੁਆਨਾਂ ਵਲੋਂ ਵੋਟਾਂ ਵਿਚ ਹਿੱਸਾ ਨਾਂਹ-ਬਰਾਬਰ ਹੀ ਸੀ ਤੇ ਸਿਰਫ਼ 36.7 ਪ੍ਰਤੀਸ਼ਤ ਨੇ ਹੀ ਅਪਣੀ ਵੋਟ ਬਣਾਈ ਸੀ। ਚੋਣ ਕਮਿਸ਼ਨ ਯਤਨ ਤਾਂ ਕਰ ਰਹੇ ਹਨ ਪਰ ਜਿਸ ਤਰ੍ਹਾਂ ਦੇ ਅੰਕੜੇ ਸਾਹਮਣੇ ਆ ਰਹੇ ਹਨ, ਜਾਪਦਾ ਹੈ ਕਿ ਦੇਸ਼ ਦੀ ਜਵਾਨੀ ਸਿਆਸਤ ਪ੍ਰਤੀ ਠੰਢੀ ਪੈ ਚੁੱਕੀ ਹੈ।

18-19 ਸਾਲ ਦੀ ਉਮਰ ਦੇ ਨੌਜੁਆਨਾਂ 'ਚੋਂ ਮਹਿਜ਼ 40 ਫ਼ੀ ਸਦੀ ਨੇ ਅਪਣਾ ਵੋਟਰ ਕਾਰਡ ਬਣਵਾਇਆ ਹੈ ਤੇ ਇਨ੍ਹਾਂ 'ਚੋਂ ਵੀ 20-23 ਫ਼ੀਸਦੀ ਹੀ ਵੋਟ ਕਰਨ ਬਾਹਰ ਆਉਣਗੇ ਤਾਂ ਸੋਚੋ ਇਸ ਤੋਂ ਕੀ ਸੰਦੇਸ਼ ਮਿਲੇਗਾ? ਦਿੱਲੀ, ਉੱਤਰ ਪ੍ਰਦੇਸ਼ ਦੇ ਸੂਬਿਆਂ ਵਿਚ ਨੌਜੁਆਨਾਂ ਦੀ ਰਜਿਸਟ੍ਰੇਸ਼ਨ 25 ਫ਼ੀ ਸਦੀ ਘੱਟ ਹੈ। ਸੱਭ ਤੋਂ ਅੱਗੇ ਤੇਲੰਗਾਨਾ ਹੈ ਜਿਥੇ 66.7 ਫ਼ੀਸਦੀ ਨੌਜੁਆਨ ਵੋਟ ਰਜਿਸਟਰ ਕਰਨ ਆਏ ਹਨ। ਬਿਹਾਰ ਵਿਚ 54 ਲੱਖ ਨੌਜੁਆਨ ਵੋਟਰਾਂ 'ਚੋਂ ਮਹਿਜ਼ 9.3 ਲੱਖ ਭਾਵ 17 ਫ਼ੀਸਦੀ ਰਜਿਸਟਰ ਹੋਏ ਹਨ। ਮਹਾਰਾਸ਼ਟਰ ਦੇ ਅੰਕੜੇ ਵੀ ਉਹੀ ਕਹਾਣੀ ਬਿਆਨ ਕਰਦੇ ਹਨ।

ਇਸ ਵਿਚ ਇਕ ਮੁਸ਼ਕਲ ਇਹ ਵੀ ਮੰਨੀ ਜਾ ਸਕਦੀ ਹੈ ਕਿ 35 ਫ਼ੀਸਦੀ ਨੌਜੁਆਨ ਅਪਣੇ ਸੂਬੇ ਤੋਂ ਬਾਹਰ ਕੰਮ ਕਰਦੇ ਹਨ। ਜ਼ਿਆਦਾਤਰ ਦੇਸ਼ ਵਿਚ ਹੀ ਰਹਿੰਦੇ ਹਨ ਪਰ ਕਿਉਂਕਿ ਉਨ੍ਹਾਂ ਨੂੰ ਕਿਤੇ ਹੋਰ ਵੋਟ ਪਾਉਣ ਦੀ ਸਹੂਲਤ ਨਹੀਂ ਹੈ, ਇਸ ਲਈ ਉਹ ਇਧਰ ਧਿਆਨ ਹੀ ਨਹੀਂ ਦੇਂਦੇ। ਦੂਜੇ ਪਾਸੇ ਅਸੀ ਇਹ ਵੀ ਵੇਖ ਰਹੇ ਹਾਂ ਕਿ ਮਜ਼ਦੂਰ ਅੱਜ ਮਿਲ ਹੀ ਨਹੀਂ ਰਿਹਾ ਕਿਉਂਕਿ ਉਨ੍ਹਾਂ ਨੂੰ ਵੋਟ ਦਾ ਮੌਸਮ ਇਕ ਤਿਉਹਾਰ ਤੋਂ ਘੱਟ ਨਹੀਂ ਲਗਦਾ ਜਿਥੇ ਸਿਆਸਤਦਾਨਾਂ ਕੋਲੋਂ ਕੁੱਝ ਤੋਹਫ਼ੇ ਤਾਂ ਮਿਲਦੇ ਹੀ ਹਨ। ਇਹੀ ਵਰਗ ਸੱਭ ਤੋਂ ਵੱਧ ਜੋਸ਼ ਨਾਲ ਵੋਟ ਬਦਲੇ ਤੋਹਫ਼ੇ ਜਾਂ ਪੈਸੇ ਲੈਣ ਲਈ ਸ਼ਹਿਰ ਛੱਡ ਕੇ ਵਾਪਸ ਜਾ ਰਿਹਾ ਹੈ।

ਯਾਨੀ ਅੱਜ ਦੇ ਨਾਗਰਿਕਾਂ ਵਿਚ ਉਹ ਵਰਗ ਘਟਦਾ ਜਾ ਰਿਹਾ ਹੈ ਜਿਹੜਾ ਸਮਝਦਾ ਹੈ ਕਿ ਉਸ ਵਲੋਂ ਵੋਟ ਪਾਉਣ ਨਾਲ ਦੇਸ਼ ਵਿਚ ਫ਼ਰਕ ਪੈ ਵੀ ਸਕਦਾ ਹੈ। ਇਕ ਹਿੱਸਾ ਉਹ ਜ਼ਰੂਰ ਹੋਵੇਗਾ ਜੋ ਈਵੀਐਮ ਵਿਚ ਅਪਣਾ ਵਿਸ਼ਵਾਸ ਗਵਾ ਬੈਠਾ ਹੈ ਤੇ ਮੰਨਦਾ ਹੈ ਕਿ ਇਹ ਇਕ ਘਪਲਾ ਹੈ ਜਿਸ ਵਿਚ ਉਸ ਦੀ ਆਵਾਜ਼ ਗੁੰਮ ਜਾਵੇਗੀ।

ਪਰ ਇਕ ਵੱਡਾ ਹਿੱਸਾ ਉਨ੍ਹਾਂ ਨੌਜੁਆਨਾਂ ਦਾ ਵੀ ਹੈ ਜਿਹੜਾ ਇਹ ਮੰਨਦਾ ਹੈ ਕਿ ਭਾਵੇਂ ਕੋਈ ਵੀ ਪਾਰਟੀ ਜਿੱਤੇ, ਉਸ ਦੀ ਹਾਲਤ ਇਸੇ ਤਰ੍ਹਾਂ ਰਹਿਣੀ ਹੈ ਤੇ ਕੋਈ ਫ਼ਰਕ ਨਹੀਂ ਪੈਣਾ। ਭਾਵੇਂ ਆਮ ਲੋਕਾਂ ਨਾਲ ਸੜਕ ਤੇ ਗੱਲ ਕਰ ਕੇ ਵੇਖੋ ਤਾਂ ਉਹੀ ਸੜਕ, ਨਾਲੀ, ਸਕੂਲ, ਹਸਪਤਾਲ ਦੇ ਮੁੱਦੇ ਸੁਣਨ ਨੂੰ ਮਿਲਦੇ ਹਨ। ਅੱਜ ਜੇ ਦੇਸ਼ ਪਿਆਰ ਲਈ ਮੰਨੇ ਪ੍ਰਮੰਨੇ ਨੇਤਾਵਾਂ ਦੀ ਗੱਲ ਕਰੀਏ ਤਾਂ ਗੱਲ 75 ਸਾਲ ਪਹਿਲਾਂ ਦੇ ਆਜ਼ਾਦੀ ਘੁਲਾਟੀਆਂ ਤੇ ਵੀ ਨਹੀਂ ਰੁਕਦੀ। ਉਨ੍ਹਾਂ 'ਤੇ ਵੀ ਅੱਜ ਦੀਆਂ ਪਾਰਟੀਆਂ ਵਿਵਾਦ ਸ਼ੁਰੂ ਕਰ ਲੈਂਦੀਆਂ ਹਨ। ਹਾਲ ਹੀ ਵਿਚ ਕੰਗਨਾ ਰਨੌਤ ਨੇ ਇਤਿਹਾਸ ਬਦਲਣ ਦੇ ਇਕ ਹੋਰ ਕਾਰਜ ਦੀ ਸ਼ੁਰੂਆਤ ਕੀਤੀ ਜਦ ਉਸ ਨੇ ਕਿਹਾ ਕਿ ਦੇਸ਼ ਦੇ ਪਹਿਲੇ ਪ੍ਰਧਾਨ ਮੰਤਰੀ ਸੁਭਾਸ਼ ਚੰਦਰ ਬੋਸ ਸਨ। ਪਰ 75 ਸਾਲਾਂ ਵਿਚ ਇਕ ਐਸਾ ਆਗੂ ਕਿਉਂ ਨਹੀਂ ਨਿੱਤਰ ਸਕਿਆ ਜੋ ਪੂਰੇ ਦੇਸ਼ ਦਾ ਨੇਤਾ ਹੋਵੇ, ਨਾ ਕਿ ਕਿਸੇ ਪਾਰਟੀ ਜਾਂ ਵਿਚਾਰਧਾਰਾ ਦਾ ਨੇਤਾ ਹੋਵੇ।

ਜਦੋਂ ਨੌਜੁਆਨ ਵੱਡਿਆਂ ਨੂੰ ਲੜਦੇ ਝਗੜਦੇ ਵੇਖਦੇ ਹਨ ਤਾਂ ਉਹ ਨਿਰਾਸ਼ ਹੋ ਕੇ ਪਿੱਛੇ ਹਟ ਜਾਂਦੇ ਹਨ। ਅੱਜ ਸਾਡਾ ਦੇਸ਼ ਇਕ ਟੁਟਦੇ ਪ੍ਰਵਾਰ ਵਾਂਗ ਦੋ ਧਿਰਾਂ ਦੀ ਲੜਾਈ ਵਿਚ ਅਸ਼ਾਂਤ ਮਾਹੌਲ ਵਿਚ ਨੌਜੁਆਨੀ ਨੂੰ ਅਪਣੇ ਤੋਂ ਦੂਰ ਕਰ ਰਿਹਾ ਹੈ। ਇਸ ਦਾ ਹੱਲ ਠੰਢਕ ਨਹੀਂ ਬਲਕਿ ਮੰਚਾਂ ਤੋਂ ਨਵਾਂ ਉਤਸ਼ਾਹ ਪੈਦਾ ਕਰਨ ਵਾਲੇ ਆਗੂ ਹਨ ਜੋ ਵਿਰੋਧੀਆਂ ਉਤੇ ਚਿੱਕੜ ਸੁਟਣ ਦੀ ਥਾਂ ਸੁਪਨੇ ਨੂੰ ਹਕੀਕਤ ਬਣਾਉਣ ਦੀ ਗੱਲ ਕਰਨ ਦਾ ਮੰਤਰ ਸਮਝਾ ਸਕਣ ਤੇ ਉਸ ਲਾਗੂ ਵੀ ਕਰ ਸਕਣ।

**– ਨਿਮਰਤ ਕੌਰ**





ਗੁਰੂ ਪਿਆਰੀ ਸਾਧ ਸੰਗਤ ਜੀਓ,

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਗੁਰੂ ਘਰ ਦੇ ਸ਼ਰਧਾਲੂ ਭਾਈ ਸਰਨਗੁਰਦੇਵ ਸਿੰਘ ਤੇ ਬੀਬੀ ਸੁਰਿੰਦਰ ਕੌਰ ਬੱਲ ਵਲੋਂ ਆਪਣੇ ਪੋਤਰੇ ਕਾਕਾ ਜੋਰਾਵਰ ਸਿੰਘ ਬਲ ਦੇ ਜਨਮ ਦਿਨ ਦੀ ਖੁਸ਼ੀ ਵਿਚ, ਵਾਹਿਗੁਰੂ ਦਾ ਸ਼ੁਕਰਾਨਾ ਕਰਨ ਲਈ ਪਰਿਵਾਰ ਦੀ ਚੜ੍ਹਦੀ ਕਲਾ ਲਈ ਅਤੇ ਕਾਰੋਬਾਰ ਦੀ ਸਫਲਤਾ ਲਈ ਅਰਦਾਸ ਕਰਨ ਹਿਤ ਅਕਾਲੀ ਬਾਣੀ ਦੇ ਸ੍ਰੀ ਅਖੰਡ ਪਾਠ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਅਕਾਲੀ ਸਿੰਘ ਸਿੱਖ ਸੁਸਾਇਟੀ, ਵੈਨਕੂਵਰ ਦੇ ਗੁਰਦੁਆਰਾ ਸਾਹਿਬ ਵਿਖੇ ਕਰਵਾਏ ਜਾ ਰਹੇ ਹਨ। ਆਪ ਜੀ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਤਿੰਨੇ ਦਿਨ ਗੁਰੂਘਰ ਪਹੁੰਚ ਕੇ ਹਾਜ਼ਰੀਆਂ ਭਰ ਕੇ ਗੁਰੂਘਰ ਤੋਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਸ੍ਰੀ ਅਖੰਡ ਪਾਠ ਸਾਹਿਬ ਦਾ ਪ੍ਰੋਗਰਾਮ

ਅਰੰਭ ਸ੍ਰੀ ਅਖੰਡ ਪਾਠ ਸਾਹਿਬ- 10 ਮਈ 2024, ਦਿਨ ਸ਼ੁੱਕਰਵਾਰ ਸਵੇਰੇ 10:00 ਵਜੇ

ਭੋਗ ਸ੍ਰੀ ਅਖੰਡ ਪਾਠ ਸਾਹਿਬ- 12 ਮਈ 2024, ਦਿਨ ਐਤਵਾਰ ਸਵੇਰੇ 9:30 ਵਜੇ

ਭੋਗ ਉਪਰੰਤ ਗੁਰੂਘਰ ਦੇ ਮਹਾਨ ਕੀਰਤਨੀ ਜਥੇ ਗੁਰਬਾਣੀ ਕੀਰਤਨ ਅਤੇ ਗਿਆਨੀ ਸਾਹਿਬਾਨ ਕਥਾ ਵਿਚਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਪਾਠ ਦੀ ਸੇਵਾ ਕਰਨ ਵਾਲੇ, ਚੌਬਦਾਰੀ ਦੀ ਸੇਵਾ ਕਰਨ ਵਾਲੇ ਅਤੇ ਲੰਗਰ ਦੀ ਸੇਵਾ ਕਰਨ ਵਾਲੇ ਸੇਵਾਦਾਰਾਂ ਪ੍ਰਤੀ ਬੇਨਤੀ ਹੈ ਕਿ ਸਮੇਂ ਸਿਰ ਗੁਰੂਘਰ ਪਹੁੰਚ ਕੇ ਸੇਵਾ ਵਿਚ ਹੱਥ ਵਟਾ ਕੇ ਗੁਰੂਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ।

ਗੁਰੂ ਕਾ ਲੰਗਰ ਤਿੰਨੇ ਦਿਨ ਅਤੁੱਟ ਵਰਤੇਗਾ।

9 ਮਈ, ਦਿਨ ਵੀਰਵਾਰ..........ਸਵੇਰ ਨੂੰ ਅਨੰਦ ਕਾਰਜ ਹੋਵੇਗਾ।
10 ਮਈ, ਦਿਨ ਸ਼ੁੱਕਰਵਾਰ.......ਸਵੇਰ ਨੂੰ ਦੋ ਅਨੰਦ ਕਾਰਜ ਹੋਣਗੇ।
11 ਮਈ, ਦਿਨ ਸ਼ਨਿੱਚਰਵਾਰ.....ਸਵੇਰ ਨੂੰ ਦੋ ਅਨੰਦ ਕਾਰਜ ਹੋਣਗੇ।
11 ਮਈ, ਦਿਨ ਸ਼ਨਿੱਚਰਵਾਰ.....ਸ਼ਾਮ ਨੂੰ ਨੰਬਰ 1 ਦਰਬਾਰ ਹਾਲ ਵਿਚ ਲੰਗਰ ਦੀ ਸੇਵਾ ਭਾਈ ਰਸ਼ਮ ਸਿੰਘ ਔਲਖ ਵਲੋਂ ਹੋਵੇਗੀ।
11 ਮਈ, ਦਿਨ ਸ਼ਨਿੱਚਰਵਾਰ.....ਸ਼ਾਮ ਨੂੰ ਨੰਬਰ ਦੋ ਦਰਬਾਰ ਹਾਲ ਵਿਚ ਲੰਗਰ ਦੀ ਸੇਵਾ ਭਾਈ ਨਿਰਮਲ ਸਿੰਘ ਪੁਰੇਵਾਲ ਵਲੋਂ ਹੋਵੇਗੀ।
12 ਮਈ, ਦਿਨ ਐਤਵਾਰ.........ਸਵੇਰ ਨੂੰ ਨੰਬਰ ਦੋ ਦਰਬਾਰ ਹਾਲ ਵਿਚ ਬੇਆਲ ਪਰਿਵਾਰ ਵਲੋਂ ਸੁਖਮਨੀ ਸਾਹਿਬ ਦੇ ਪਾਠ ਹੋਣਗੇ।
12 ਮਈ, ਦਿਨ ਐਤਵਾਰ........ਸ਼ਾਮ ਨੂੰ ਲੰਗਰ ਦੀ ਸੇਵਾ ਭਾਈ ਅਮਰੋਂਦ ਸਿੰਘ ਔਜਲਾ ਅਤੇ ਪਰਿਵਾਰ ਵਲੋਂ ਹੋਵੇਗੀ।
15 ਮਈ, ਦਿਨ ਬੁੱਧਵਾਰ.........ਸੰਗਰਾਂਦ ਹੈ, ਸ਼ਾਮ ਨੂੰ ਦੀਵਾਨ ਸਜਣਗੇ।
17 ਮਈ, ਦਿਨ ਸ਼ੁੱਕਰਵਾਰ.......ਸਵੇਰੇ 10:00 ਵਜੇ ਭਾਈ ਬਲਦੇਵ ਸਿੰਘ ਕਲੇਰ ਅਤੇ ਪਰਿਵਾਰ ਵਲੋਂ ਸ੍ਰੀ ਅਖੰਡ ਪਾਠ ਸਾਹਿਬ ਅਰੰਭ ਹੋਣਗੇ ਜਿਹਨਾਂ ਦੇ ਭੋਗ 19 ਮਈ, ਦਿਨ ਐਤਵਾਰ ਸਵੇਰ ਨੂੰ 9:30 ਵਜੇ ਪਾਏ ਜਾਣਗੇ।
17 ਮਈ, ਦਿਨ ਸ਼ੁੱਕਰਵਾਰ.......ਸਵੇਰ ਨੂੰ ਦੋ ਅਨੰਦ ਕਾਰਜ ਹੋਣਗੇ।
18 ਮਈ, ਦਿਨ ਸ਼ਨੀਵਾਰ........ਸਵੇਰ ਨੂੰ ਅਨੰਦ ਕਾਰਜ ਹੋਵੇਗਾ।
18 ਮਈ, ਦਿਨ ਸ਼ਨੀਵਾਰ........ਸ਼ਾਮ ਨੂੰ ਲੰਗਰ ਦੀ ਸੇਵਾ ਬੀਬੀ ਗੁਰਦੀਸ਼ ਕੌਰ ਸੰਧੂ ਅਤੇ ਪਰਿਵਾਰ ਵਲੋਂ ਹੋਵੇਗੀ।
19 ਮਈ, ਦਿਨ ਐਤਵਾਰ........ਸਵੇਰ ਨੂੰ ਨੰਬਰ 2 ਦਰਬਾਰ ਹਾਲ ਵਿਚ ਲੰਗਰ ਦੀ ਸੇਵਾ ਭਾਈ ਸੁਖਜੀਤ ਸਿੰਘ ਮਹੇੜੂ ਵਲੋਂ ਹੋਵੇਗੀ।
19 ਮਈ, ਦਿਨ ਐਤਵਾਰ........ਸ਼ਾਮ ਨੂੰ ਲੰਗਰ ਦੀ ਸੇਵਾ ਭਾਈ ਅਵਤਾਰ ਸਿੰਘ ਬੈਂਸ ਅਤੇ ਪਰਿਵਾਰ ਵਲੋਂ ਹੋਵੇਗੀ।
20 ਮਈ, ਦਿਨ ਸੋਮਵਾਰ.........ਸਵੇਰ ਨੂੰ ਲੰਗਰ ਦੀ ਸੇਵਾ ਬੀਬੀ ਰੀਨਾ ਆਨੰਦ ਅਤੇ ਪਰਿਵਾਰ ਵਲੋਂ ਹੋਵੇਗੀ।

ਹਰ ਬੁੱਧਵਾਰ ਬੀਬੀਆਂ ਵਲੋਂ ਸੁਖਮਨੀ ਸਾਹਿਬ ਦਾ ਪਾਠ ਸਵੇਰੇ 10:00 ਵਜੇ ਤੋਂ 12:30 ਵਜੇ ਤੱਕ ਕੀਤਾ ਜਾਂਦਾ ਹੈ।

ਹਰ ਮੰਗਲਵਾਰ ਅਤੇ ਵੀਰਵਾਰ ਸ਼ਾਮ ਨੂੰ 7:00 ਵਜੇ ਤੋਂ 8:00 ਵਜੇ ਤੱਕ ਯੋਗਾ ਦੀਆਂ ਕਲਾਸਾਂ ਲੱਗਦੀਆਂ ਹਨ। ਪੰਜਾਬੀ ਦੀਆਂ ਕਲਾਸਾਂ ਵੀ ਸ਼ੁਰੂ ਹੋ ਚੁੱਕੀਆਂ ਹਨ।

